
WATNO DUR
JULY/AUG. 1981.
P.O.BOX. 67681 Stn.O.
VANCOUVER,B.C.V5W3V2.

# ਭਾਰਤ ਮਹਾਨ



"ONE-STOP" GROCERY CENTRE

# Victoria FoodCentre

## FIGURE ON SAVINGS

WHEN YOU FOOD SHOP HERE

## FRESH

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF RECORDS & 8-TRACKS**

SPECIAL OFFER:

**ALL SIZES HEAVY-BOTTOM PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**

**LOWEST PRICES —PURE & FRESH QUALITY GROCERY ITEMS**

**5380 VICTORIA DRIVE [AT 38TH]**
**VANCOUVER**
**PH: 325-2933**

LITERARY & CULTURAL
BI-MONTHLY OF PANJABI

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ
ਸਭਿਆਚਾਰਕ ਦੋ ਮਾਸਕ - ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| | | | |
|---|---|---|---|
| 2nd Class Mail Reg. No. 3233<br>ANNUAL SUBSCRIPTION: | Canada-U.S.A. $6.00<br>Other SEA $6.00<br>Countries AIR $9.00 | VOL. 9 NO. 87<br>JUL./AUG 1981 | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |



**EDITOR:**
Sadhu, 437-9014

**ASSISTANT EDITOR:**
Sukhwant Hundal, 321-9221

CIRCULATION EDITORS
Amarjit Chahal, 581-0406
Inderjit Rode, 430-1538

**ADVERTISING AND MANAGING EDITOR:**
Paul Binning, 879-3339

**ADVISER:**
Ajmer Rodey, 438-7793
Surinder Dhanjal, (403)-539-9614

**WATNO DUR REPRESENTATIVES:**
Raghbir Mand, 325-9564 Vancouver
Iqbal Ramuwalia, WATERLOO
Gill Avtar, Sherwood Park, Alta. (464-3851)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423
Kashmira Singh Chaman, Calgary (248-2841)
Jagdev S. Jatana, Fort Nelson (774-6308)

Surinder Kailav
9-D, Sarabha Nagar
Ludhiana 141001
Punjab, India

Jasbir Bath
19 Summertrees Ave. L4920D
Greasby Merseyside
Liverpool, England


## ਇਸ ਅੰਕ ਵਿੱਚ


ਕਹਾਣੀ - ਸਾਧੂ, ਸੰਤੋਖ ਗੰਜਾ M.A.
ਲੇਖ - ਗੁਰਬਖਸ਼ ਜੱਸ, ਸੁਖਿੰਦਰ
ਕਵਿਤਾਵਾਂ - ਹਮਦਰਦਵੀਰ ਨੌਸ਼ਹਿਰਵੀ, ਸਰਦੂਲ ਸਿੰਘ ਅਮੀਕਰ, ਮਿੰਦਰ ਰਵੀ, ਧਰਮਪਾਲ-ਉਗਾਨੀ, ਸੁਖਿੰਦਰ, ਰਣਜੀਤ ਕੋਸ਼ਲ, ਬਲਵਿੰਦਰ, ਨਾਜ਼ਰ ਸਿੰਘ ਤਰਸ.
ਇੰਟਰਵਿਊ - ਸਾਧੂ, ਸੁਖਵੰਤ ਹੁੰਦਲ
ਸਥਾਈ ਕਾਲਮ - ਦੂਰੋਂ ਨੇੜਿਓਂ
ਰੀਵਿਊ — ਅਜਮੇਰ ਔਲਖ, ਸਾਟ ਹਿੰਡਰ, ਅਵਤਾਰ ਹੇਅਰ
ਰਿਪੋਰਟ - ਸਾਧੂ, ਸਾਟ ਹਿੰਤਰ, ਸਤਵੰਤ ਦੀਪਕ, ਭੁਪਿੰਦਰ ਮਠੌਤਾ


ਵਤਨੋਂ ਦੂਰ ਵਿਚ ਛੱਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

ਮੁੱਖ ਚਿੱਤਰ - ਭਾਰਤ ਦੀ ਆਜ਼ਾਦੀ ਦੀ ਮੂੰਹੋਂ ਬੋਲਦੀ ਤਸਵੀਰ

# ਐਡੀਟੋਰੀਅਲ

ਪਿਛੇ ਜਿਹੇ ਪੰਜਾਬੀ ਦੇ ਕਵੀ ਸੁਰਜੀਤ ਪਾਤਰ ਦਾ ਗੁਰਬਚਨ ਸਿੰਘ ਦੁਆਰਾ ਲਿਖਿਆ ਰੇਖਾ ਚਿੱਤਰ ਪੜ੍ਹਨ ਨੂੰ ਮਿਲਿਆ। ਇਸ ਵਿਚ ਕੈਨੇਡਾ ਦੇ ਨੇਟਿਵ ਲੋਕਾਂ ਦੇ ਹੀ ਨਹੀਂ, ਆਮ ਲੋਕਾਂ ਦੇ ਮਹਿਬੂਬ ਕਲਾਕਾਰ ਤੇ ਸਮਾਜਕ ਆਗੂ ਚੀਫ ਡੈਨ ਜਾਰਜ ਬਾਰੇ ਪਾਤਰ ਦੇ ਮੂੰਹੋਂ ਇਕ ਬੜੀ ਬੇਸਮਝੀ ਤੇ ਬੇਹੂਦਾ ਕਿਸਮ ਦੀ ਗੱਲ ਕੀਤੀ ਦੱਸੀ ਗਈ ਹੈ। ਚੀਫ ਡੈਨ ਜਾਰਜ ਦੀਆਂ ਕਵਿਤਾਵਾਂ ਦੀ ਪੰਜਾਬੀ ਵਿਚ ਅਨੁ-ਵਾਦ ਹੋ ਕੇ ਛਪੀ ਪੁਸਤਕ ਬਾਰੇ ਗੁਰਬਚਨ ਨੇ ਪਾਤਰ ਨਾਲ ਕੋਈ ਗੱਲ ਕੀਤੀ ਤਾਂ ਅੱਗੋਂ ਉਹਨੇ ਜਵਾਬ ਵਿਚ ਕਿਹਾ "ਕੀ ਚੀਫ ਅੱਛਾ ਇੰਡੀਅਨ ਕੋਈ ਨਵੀਂ ਸ਼ਾਇਰ ਹੈ"? ਇਸ ਜਵਾਬ ਦੇ ਨਾਲ ਹੀ ਗੁਰਬਚਨ ਨੇ ਬੜੇ ਸਾਫ ਨਾਲ ਲਿਖਿਆ ਹੈ "ਪਾਤਰ ਨੂੰ ਗੱਲ ਫੁਰਦੀ ਹੈ"। ਇਹ ਠੀਕ ਹੈ ਕਿ ਪਾਤਰ ਨੂੰ ਕੈਨੇਡਾ ਦੇ ਨੇਟਿਵ ਲੋਕਾਂ ਬਾਰੇ, ਉਹਨਾਂ ਨਾਲ ਹੋਈਆਂ ਤੇ ਹੋ ਰਹੀਆਂ ਵਧੀਕੀਆਂ ਬਾਰੇ, ਉਹਨਾਂ ਦੇ ਚਲਦੇ ਸੰਘਰਸ਼ਾਂ ਬਾਰੇ, ਜਾਂ ਚੀਫ ਡੈਨ ਜਾਰਜ ਦੀ ਸ਼ਖਸੀਅਤ ਬਾਰੇ ਕੁੱਝ ਪਤਾ ਨਹੀਂ ਤੇ ਉਹਨੇ ਇਹ ਗੱਲ ਬਿਨਾਂ ਸੋਚੇ ਸਮਝੇ ਕਹੀ ਹੈ। ਪਾਤਰ ਨਾਲੋਂ ਸ਼ਾਇਦ ਗੁਰਬਚਨ ਦਾ ਇਸ ਵਿਚ ਜ਼ਿਆਦਾ ਕਸੂਰ ਹੋਵੇ ਕਿਉਂਕਿ ਉਹਨੇ ਇਸ ਗੱਲ ਨੂੰ ਲਿਖਤੀ ਰੂਪ ਵਿਚ ਸਾਫ ਨਾਲ ਪੇਸ਼ ਕੀਤਾ ਹੈ। ਜੇ ਸਾਨੂੰ ਸੁਰਜੀਤ ਪਾਤਰ ਬਾਰੇ ਕਿਸੇ ਦੀ ਕਹੀ ਇਸ ਕਿਸਮ ਦੀ ਭੱਦੀ ਗੱਲ ਦਾ ਪਤਾ ਲੱਗੇ ਤਾਂ ਜ਼ਰੂਰ ਸਾਡੇ ਮਨ ਨੂੰ ਦੁੱਖ ਹੋਵੇਗਾ ਤੇ ਗੁੱਸਾ ਆਵੇਗਾ, ਇਸੇ ਤਰ੍ਹਾਂ ਚੀਫ ਡੈਨ ਜਾਰਜ ਬਾਰੇ ਕੀਤੀ ਇਹ ਬਕਵਾਸ ਵਰਗੀ ਟਿੱਪਣੀ, ਭਾਵੇਂ ਉਹ ਪਾਤਰ ਨੇ ਹੀ ਕੀਤੀ ਹੈ, ਸਾਨੂੰ ਏਸ ਦਾ ਦੁੱਖ ਹੋਇਆ ਹੈ। ਚੀਫ ਡੈਨ ਜਾਰਜ ਦੀ ਸੌ ਸਾਲ ਦੇ ਨੇੜੇ ਉਮਰ ਹੋਵੇਗੀ ਤੇ ਉਹਨੇ ਯੂਰਪੀਅਨ ਸਭਿਅਤਾ ਸਾਹਮਣੇ ਲੱਗ ਭੱਗ ਦਮ ਤੋੜ ਗਏ ਨੇਟਿਵ ਲੋਕਾਂ ਦੇ ਸਭਿਆਚਾਰ ਨੂੰ ਮੁੜ ਸੁਰਜੀਤ ਕਰਨ ਲਈ ਬਹੁਤ ਵੱਡਾ ਹਿੱਸਾ ਪਾਇਆ ਹੈ। ਉਹ ਇਕ ਸਫਲ ਫਿਲਮ-ਅਭਿਨੇਤਾ ਹੈ ਜਿਹਨੇ ਹਾਲੀਵੁੱਡ 'ਚ ਬਣਦੀਆਂ ਫਿਲਮਾਂ ਵਿਚ ਨੇਟਿਵ ਪਾਤਰਾਂ ਦਾ ਅਭਿਨੈ ਕਰਕੇ ਨੇਟਿਵ ਲੋਕਾਂ ਪ੍ਰਤੀ ਇਕ ਨਵੀਂ ਇੱਜ਼ਤ ਦਿੱਤੀ ਹੈ। ਉਹ ਇਕ ਸੁਹਣਾ ਸ਼ਾਇਰ ਹੈ ਤੇ ਇਸ ਤੋਂ ਵੀ ਵੱਧ ਉਹਦੇ ਮਨ ਵਿਚ ਉਹਦੇ ਆਪਣੇ ਲੋਕਾਂ ਤੇ ਆਪਣੇ ਸਭਿਆਚਾਰ ਲਈ ਬੇਤਹਾਸ਼ਾ ਪਿਆਰ ਹੈ। ਕੈਨੇਡਾ ਨੇ ਜਦੋਂ 1967 ਵਿਚ ਆਪਣਾ ਸੌਵਾਂ ਜਨਮ-ਦਿਨ ਮਨਾਇਆ ਤਾਂ ਚੀਫ ਡੈਨ ਜਾਰਜ ਨੇ ਨੇਟਿਵ ਲੋਕਾਂ ਵਲੋਂ ਇਕ ਸੁਨੇਹਾ ਕੈਨੇਡਾ ਦੇ ਲੋਕਾਂ ਤੱਕ ਪਹੁੰਚਾਇਆ ਸੀ। ਉਹ ਜੇ ਅੱਜ ਵੀ ਪੜ੍ਹਿਆ ਜਾਵੇ ਤਾਂ ਚੀਫ ਡੈਨ ਜਾਰਜ ਨੂੰ ਕੋਈ "ਨਹੀਂ ਚੀਫ ਅੱਛਾ ਇੰਡੀਅਨ ਸ਼ਾਇਰ" ਕਹਿਣ ਦੀ ਬੇਹੂਦਗੀ ਨਹੀਂ ਕਰ ਸਕਦਾ। ਪਾਤਰ ਦੀਆਂ ਗਜ਼ਲਾਂ ਕੈਨੇਡਾ ਦੇ ਪੰਜਾਬੀਆਂ ਵਲੋਂ ਸ਼ਾਇਦ ਇੰਡੀ ਦੇ ਗਾਇਕਾਂ ਨਾਲੋਂ ਵੀ ਜ਼ਿਆਦਾ ਗਾਈ ਗੁਣਗੁਣਾਈਆਂ ਜਾਂਦੀਆਂ ਹੋਣ ਤੇ ਉਹਦੇ ਲਈ ਸਾਡੇ ਦਿਲ ਵਿਚ ਅਤਿ ਦਾ ਮੋਹ ਹੈ। ਅਸੀਂ ਪਾਤਰ ਤੇ ਗੁਰਬਚਨ ਦੋਹਾਂ ਨੂੰ ਸੁਝਾਅ ਦੇਵਾਂਗੇ ਕਿ ਇਹੋ ਜਿਹੀਆਂ ਬੇਹੂਦਾ ਗੱਲਾਂ ਕਰਨ ਤੇ ਲਿਖਣ ਤੋਂ ਸੰਕੋਚ ਕਰਨਾ ਚਾਹੀਦਾ ਹੈ।

—ਸਾਧੂ


ਵਤਨੋਂ ਦੂਰ

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ

* ਮੈਂ ਛੇ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।
* ਮੈਂ ਨੌਂ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।

\- - - - - - - - - - - -

## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i). ਨਵਾਂ ਪਤਾ
ii) ਪਿੱਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ
ਸਾਨੂੰ ਭੇਜੋ।

ਸਥਾਈ ਕਾਲਮ

ਨੋੜਉ

# ਅਮਰੀਕੀ ਸਮਾਜ ਦਾ ਕੋਹੜ - ਸਾਧੂ

ਅਮਰੀਕਾ ਦੀ ਆਰਥਿਕਤਾ ਤੇ ਉਸ ਉਪਰ ਉਸਰੇ ਸਮਾਜਿਕ ਢਾਂਚੇ ਦਾ ਕੋਹੜ ਵਿਚੋਂ ਵਿਚ ਵੱਧ ਰਿਹਾ ਹੈ। ਜੀਵਨ ਦੀਆਂ ਸਾਰੀਆਂ ਕਦਰਾਂ ਕੀਮਤਾਂ ਦਾ ਸਿੱਧਾ ਤੇ ਸਿੱਧਾ ਸੰਬੰਧ ਪੈਸੇ ਨਾਲ ਹੈ। ਸਰਮਾਏਦਾਰੀ ਨੇ ਹਰ ਚੀਜ਼ ਨੂੰ, ਹਰ ਰਿਸ਼ਤੇ ਨੂੰ ਮੰਡੀ ਦੀ ਵਸਤ ਬਣਾ ਦਿੱਤਾ ਹੈ। ਇਸ ਢਾਂਚੇ ਦੀਆਂ ਕਦਰਾਂ ਕੀਮਤਾਂ ਮੁਤਾਬਕ ਹਰ ਇਕ ਦਾ ਜ਼ੋਰ ਇਕੋ ਪਾਸੇ ਹੈ - ਵੱਧ ਤੋਂ ਵੱਧ ਪੈਸੇ ਕਮਾਉਣ ਵੱਲ - ਤੇ ਇਸ ਪਾਸੇ ਵੱਧਣ ਲਈ, ਹਰ ਕਿਸੇ ਨੂੰ ਦੂਜੇ ਦਾ ਮੁਕਾਬਲਾ ਕਰਨਾ ਪੈਂਦਾ ਹੈ। ਕੁਦਰਤੀ ਹਰ ਕੋਈ ਤਾਂ ਅੱਗੇ ਵੱਧ ਨਹੀਂ ਸਕਦਾ। ਸਿਰਫ਼ ਕੁੱਝ ਲੋਕ ਹੀ ਪੂਰੀ ਤਰ੍ਹਾਂ ਸਫਲ ਹੁੰਦੇ ਹਨ ਅਤੇ ਬਹੁਤੇ ਅਸਫਲ ਰਹਿੰਦੇ ਹਨ। ਕਿਸੇ ਦਾ ਸਫਲ ਜਾਂ ਅਸਫਲ ਹੋਣਾ ਬਹੁਤ ਸਾਰੀਆਂ ਚੀਜ਼ਾਂ ਤੇ ਨਿਰਭਰ ਕਰਦਾ ਹੈ, ਪਰ ਜੋ ਲੋਕ ਸਫਲ ਨਹੀਂ ਹੁੰਦੇ ਉਹਨਾਂ ਦੀ ਅਸਫਲਤਾ ਦਾ ਸਭ ਤੋਂ ਵੱਡਾ ਕਾਰਨ ਉਹਨਾਂ ਦੀ ਵਿਅਕਤੀਗਤ ਅਯੋਗਤਾ ਦੱਸਿਆ ਜਾਂਦਾ ਹੈ। ਇਹ ਭੁਲੇਖਾ (MYTH) ਕਿ ਕਿਸੇ ਦਾ ਸਫਲ ਜਾਂ ਅਸਫਲ ਹੋਣਾ ਸਿਰਫ਼ ਉਹਦੇ ਆਪਣੇ ਆਪ ਤੇ ਨਿਰਭਰ ਹੈ, ਸਰਮਾਏਦਾਰੀ ਨਿਜ਼ਾਮ ਦੇ ਪੈਦਾ ਕੀਤੇ ਬਹੁਤ ਸਾਰੇ ਭੁਲੇਖਿਆਂ (MYTHS) ਵਿਚੋਂ ਇਕ ਹੈ। ਇਹ ਇਕ ਸਚਾਈ ਹੈ ਕਿ ਸੱਤਾਧਾਰੀ ਜਮਾਤ ਇਸ ਕਿਸਮ ਦੇ ਭੁਲੇਖਿਆਂ ਨੂੰ ਸੱਚ ਬਣਾ ਕੇ ਦੂਜੀਆਂ ਜਮਾਤਾਂ ਉਪਰ ਠੋਸਦੀ ਹੈ, ਪਰ ਇਹ ਕੰਮ ਇੰਨੀ ਬਰੀਕੀ ਨਾਲ ਕੀਤਾ ਜਾਂਦਾ ਹੈ ਕਿ ਇਸਦਾ ਛੇਤੀ ਕੀਤੇ ਪਤਾ ਨਹੀਂ ਲਗਦਾ। 'ਵੈਨਕੂਵਰ ਸਨ' (MONDAY JULY 27,1981 A-A10) ਵਿਚ ਲੂਈਸ ਟਿਮਸਿਕ ਦਾ ਲਿਖਿਆ ਇਕ ਲੇਖ ਇਸ ਕਿਸਮ ਦੀ ਇਕ ਬੜੀ ਵਧੀਆ ਮਿਸਾਲ ਹੈ।

ਇਸ ਲੇਖ ਮੁਤਾਬਕ ਅਮਰੀਕਾ ਵਿਚ ਇਸ ਸਮੇਂ ਅਠਾਰਾਂ ਸਾਲਾਂ ਤੋਂ ਪੈਂਤੀ ਸਾਲਾਂ ਤੱਕ ਦੀ ਉਮਰ ਦੇ ਲੋਕ ਭਾਰੀ ਗਿਣਤੀ ਵਿਚ ਦਿਮਾਗੀ ਤੌਰ 'ਤੇ ਬਿਮਾਰ ਹਨ। ਉਹ ਨਸ਼ਿਆਂ ਦੀ ਵਰਤੋਂ ਕਰਦੇ ਹਨ ਅਤੇ ਜੁਰਮ ਦੇ ਸ਼ਿਕਾਰ ਹੁੰਦੇ ਹਨ ਜਾਂ ਖੁਦ ਜੁਰਮ ਕਰਦੇ ਹਨ। ਇਹਨਾਂ ਵਿਚ ਖੁਦਕਸ਼ੀ ਦੀ ਦਰ ਦੂਜੇ ਲੋਕਾਂ ਨਾਲੋਂ 210 ਗੁਣਾ ਜ਼ਿਆਦਾ ਹੈ ਤੇ ਇਹ ਆਮ ਲੋਕਾਂ ਨਾਲੋਂ ਅੱਠ ਗੁਣਾ ਜ਼ਿਆਦਾ ਵਾਰੀ ਗ੍ਰਿਫਤਾਰ ਹੁੰਦੇ ਹਨ। ਪ੍ਰਧਾਨ ਰੀਗਨ ਦੇ ਗੋਲੀ ਮਾਰਨ ਵਾਲਾ ਜੌਹਨ ਹਿੰਕਲੀ ਤੇ ਗਾਇਕ ਜੌਹਨ ਲੈਨਿਨ ਨੂੰ ਗੋਲੀ ਮਾਰ ਕੇ ਮਾਰਨ ਵਾਲਾ ਮਾਰਕ ਡੇਵਿਡ ਚੈਪਮੈਨ ਦੋਵੇਂ ਇਸੇ ਦਾਇਰੇ ਦੇ ਲੋਕਾਂ ਵਿਚੋਂ ਸਨ।

ਟਿਮਸਿਕ ਲਿਖਦਾ ਹੈ ਕਿ ਜਦੋਂ ਏਸ ਉਮਰ ਦੇ ਮੁੰਡੇ ਕੁੜੀਆਂ ਸਕੂਲਾਂ ਵਿਚ ਡਿਗਰੀਆਂ ਪ੍ਰਾਪਤ ਕਰ ਰਹੇ ਹਨ, ਕੈਰੀਅਰ ਬਣਾ ਰਹੇ ਹਨ, ਵਿਆਹ ਕਰਾ ਰਹੇ ਹਨ, ਘਰ ਬਣਾ ਰਹੇ ਹਨ, ਤਾਂ ਇਹ ਉਸਦੇ ਹਾਣੇ ਲੋਕ ਸਾਰੇ ਅਮਰੀਕਾ ਵਿਚ ਗੰਦੀਆਂ ਥਾਵਾਂ ਤੇ ਵਸਣ ਵਾਲੇ ਨਸ਼ਾਖੋਰੀ ('SKID ROW BUMS') ਲੋਕਾਂ ਦੀ ਗਿਣਤੀ ਵਿਚ ਵਾਧਾ ਕਰ ਰਹੇ ਹਨ। ਉਹਦੇ ਮੁਤਾਬਕ ਇਹ ਲੋਕ ਜੋ ਖੁਦ ਆਪਣੀ ਹਾਲਤ ਲਈ ਜ਼ਿੰਮੇਵਾਰ ਹਨ, ਇਸ ਦਾ ਕਸੂਰਵਾਰ ਦੂਜੇ ਲੋਕਾਂ ਜਾਂ ਸਮਾਜ ਨੂੰ ਠਹਿਰਾਉਂਦੇ ਹਨ। ਉਹ ਕਹਿੰਦਾ ਹੈ ਕਿ ਇਹ ਲੋਕ ਖੁਦ ਕੁੱਝ ਕਰਨ ਦੇ ਕਾਬਲ ਨਹੀਂ ਤੇ ਸਮਾਜ ਉਪਰ ਵਾਧੂ ਦਾ ਭਾਰ ਬਣੇ ਹੋਏ ਹਨ। ਅਮਰੀਕਾ ਵਿਚ ਇਹ ਮਸਲਾ ਕਿਸੇ ਇਕ ਸ਼ਹਿਰ ਜਾਂ ਸੂਬੇ ਦਾ ਨਹੀਂ ਸਗੋਂ ਇਕ ਸਿਰੇ ਤੋਂ ਲੈ ਕੇ ਦੂਜੇ ਤੱਕ ਹਰ ਜਗ੍ਹਾ ਇਹੋ ਹਾਲ ਹੈ।

ਇਹ ਭੁਲੇਖਾ ਕਿ ਕਿਸੇ ਦਾ ਸਫਲ ਜਾਂ ਅਸਫਲ ਹੋਣਾ ਸਿਰਫ਼ ਉਸਦੀ ਆਪਣੀ ਯੋਗਤਾ ਤੇ ਨਿਰਭਰ ਹੈ, ਇਕ ਇਸ ਤੋਂ ਵੀ ਵੱਡੇ ਭੁਲੇਖੇ 'ਤੇ ਆਧਾਰਿਤ ਹੈ। ਉਹ ਹੈ ਕਿ ਅਮਰੀਕਾ ਵਿਚ ਭਾਵੇਂ ਕੋਈ ਅਮੀਰ ਹੋਵੇ ਜਾਂ ਗਰੀਬ, ਕਾਲਾ, ਗੋਰਾ, ਮੈਕਸੀਕਨ ਜਾਂ ਲੈਟਿਨ, ਹਰ ਕਿਸੇ ਨੂੰ ਵੱਧਣ ਫੁੱਲਣ ਲਈ

ਬਰਾਬਰ ਦੇ ਹੱਕ ਤੇ ਇਵੇਂ ਜਿਹੀਆਂ ਸਹੂਲਤਾਂ ਪ੍ਰਾਪਤ ਹਨ, ਜਦਕਿ ਅਸਲੀ ਜੀਵਨ ਵਿਚ ਇਸ ਤਰ੍ਹਾਂ ਨਹੀਂ ਹੈ। ਅਸਲੀਅਤ ਵਿਚ ਅਮੀਰਾਂ ਨੂੰ ਗਰੀਬਾਂ ਨਾਲੋਂ ਕਿਤੇ ਜ਼ਿਆਦਾ ਵਧੀਆ ਸਹੂਲਤਾਂ ਤੇ ਮੌਕੇ ਹਨ। ਧਨ ਦੇ ਤੇ ਆਪਣੇ ਜੀਵਨ ਨੂੰ ਵਧੀਆ ਬਣਾਉਣ ਦੇ। ਚਿੱਟੇ ਰੰਗ ਦੇ ਲੋਕਾਂ ਨੂੰ ਗੈਰ-ਚਿੱਟੇ ਰੰਗ ਦੇ ਲੋਕਾਂ ਨਾਲੋਂ ਜ਼ਿਆਦਾ ਸਹੂਲਤਾਂ ਹਨ। ਅਸਲੀ ਜ਼ਿੰਦਗੀ ਵਿਚ ਬਰਾਬਰਤਾ ਨਾਂ ਦੀ ਕੋਈ ਚੀਜ਼ ਨਹੀਂ। ਇਹ ਨਾ-ਬਰਾਬਰਤਾ ਦਾ ਹੀ ਸਿੱਟਾ ਹੈ ਕਿ ਕਾਲੇ ਲੋਕ ਜ਼ਿਆਦਾ ਗਰੀਬ, ਅਨਪੜ੍ਹ ਤੇ ਮਾਰ ਕੁਟਾਈ ਕਰਨ ਵਾਲੇ ਹਨ। ਪਰ ਇਸੇ ਗੱਲ ਨੂੰ ਦੱਸਿਆ ਇਸ ਤਰੀਕੇ ਨਾਲ ਜਾਂਦਾ ਹੈ ਕਿ ਕਾਲੇ ਲੋਕ ਗੋਰਿਆਂ ਨਾਲੋਂ ਦਿਮਾਗੀ ਤੌਰ ਤੇ ਘਟੀਆ ਹਨ।

ਇਹਨਾਂ ਨਾ-ਬਰਾਬਰਤਾਵਾਂ ਕਰਕੇ ਜਦੋਂ ਕੁੱਝ ਲੋਕ ਸਮਾਜ ਵਿਚ ਪੂਰੀ ਤਰ੍ਹਾਂ ਫਿਟ ਨਹੀਂ ਆਉਂਦੇ ਤਾਂ ਉਹਨਾਂ ਨੂੰ ਅਸਧਾਰਨ ਤੇ ਦਿਮਾਗੀ ਤੌਰ ਤੇ ਬਿਮਾਰ ਕਰਾਰ ਦੇ ਦਿੱਤਾ ਜਾਂਦਾ ਹੈ ਪਰ ਇਸ ਦੇ ਜ਼ਿੰਮੇਵਾਰ ਢਾਂਚੇ ਵੱਲ ਉਂਗਲੀ ਨਹੀਂ ਕੀਤੀ ਜਾਂਦੀ।

## ਅਜ਼ਾਦੀ - ਸਾਧੂ

ਹਿੰਦੁਸਤਾਨ ਦੇ ਚਿੱਟੇ ਅੰਗਰੇਜ਼ਾਂ ਨੂੰ ਰਾਜ ਛੱਡਿਆਂ ਚੌਂਤੀ ਵਰ੍ਹੇ ਬੀਤ ਗਏ ਹਨ। ਇਨ੍ਹਾਂ ਚੌਂਤੀਆਂ ਸਾਲਾਂ ਤੋਂ ਹੀ ਕਰੋੜਾਂ ਲੋਕਾਂ ਨੂੰ ਇਹ ਆਸ ਹੈ ਕਿ ਸ਼ਾਇਦ ਕਦੀ ਨਾ ਕਦੀ ਅਜ਼ਾਦੀ ਨਾਂ ਦੀ ਚੀਜ਼ ਉਹਨਾਂ ਤੱਕ ਵੀ ਪਹੁੰਚੇਗੀ। ਪਰ ਅਜੇ ਤੱਕ ਉਹਨਾਂ ਦੀ ਆਸ ਨੂੰ ਫੱਲ ਨਹੀਂ ਪਿਆ। ਇਸ ਦਾ ਮਤਲਬ ਇਹ ਨਹੀਂ ਕਿ ਦੇਸ਼ ਵਿਚ ਕੋਈ ਅਜ਼ਾਦੀ ਨਹੀਂ - 'ਅਜ਼ਾਦੀ ਦੀ ਅਜ਼ਾਦੀ ਹੈ" - ਜਿਵੇਂ ਕਿ ਲੋਕ ਆਪਣੀ ਮਨ ਮਰਜ਼ੀ ਨਾਲ ਸੜਕਾਂ ਤੇ ਸੌਂ ਸਕਦੇ ਹਨ, ਭੁੱਖੇ ਮਰ ਸਕਦੇ ਹਨ, ਰੋਟੀ ਦੀ ਖਾਤਰ ਬਾਹਰਲੇ ਮੁਲਕਾਂ ਵਿਚ ਰੁੱਲਿਆਂ ਵਾਂਗ ਧੱਕੇ ਧੱਕੇ ਖਾ ਸਕਦੇ ਹਨ, ਔਰਤਾਂ ਰੋਟੀ ਲਈ ਆਪਣਾ ਸਰੀਰ ਵੇਚ ਸਕਦੀਆਂ ਹਨ, ਛੋਟੇ ਛੋਟੇ ਜਿਆਣੇ ਆਪਣੀ ਮਰਜ਼ੀ ਨਾਲ ਜੂਠੇ ਭਾਂਡੇ ਮਾਂਜ ਸਕਦੇ ਹਨ, ਭੀਖ ਮੰਗ ਸਕਦੇ ਹਨ ਤੇ ਅਮੀਰ ਲੋਕ ਆਪਣੀ ਮਰਜ਼ੀ ਨਾਲ ਸ਼ੋਸ਼ਣ ਕਰ ਸਕਦੇ ਹਨ। ਇਹ ਸਾਰੀਆਂ ਅਜ਼ਾਦੀਆਂ ਹਨ ਲੋਕਾਂ ਕੋਲ, ਤੇ ਹਿੰਦੁਸਤਾਨੀ ਲੋਕਾਂ ਨੇ ਇਹਨਾਂ ਅਜ਼ਾਦੀਆਂ ਦਾ ਪੂਰਾ ਪੂਰਾ ਫਾਇਦਾ ਵੀ ਉਠਾਇਆ ਹੈ। ਹਿੰਦੁਸਤਾਨ ਦੇ ਹੁਕਮਰਾਨਾਂ ਨੇ ਆਪਣੇ ਲੋਕਾਂ ਦਾ ਹਮੇਸ਼ਾ ਪੂਰਾ ਖਿਆਲ ਰੱਖਿਆ ਹੈ। ਹਰ ਅਜ਼ਾਦੀ ਦਿਨ ਤੱਕ ਕੋਈ ਨਾ ਕੋਈ ਨਵੀਂ ਸੁਗਾਤ ਲੋਕਾਂ ਲਈ ਪੇਸ਼ ਕੀਤੀ ਹੈ, ਲੋਕਾਂ ਲਈ ਕੁਰਬਾਨੀ ਕਰਨ ਦੇ ਮੌਕੇ ਪੈਦਾ ਕਰਨ ਲਈ ਪਾਕਿਸਤਾਨ ਨਾਲ ਲੜਾਈਆਂ ਤੇ ਕਦੀ ਚੀਨ ਨਾਲ ਝਗੜੇ ਕੀਤੇ ਜਾਂਦੇ ਰਹੇ ਹਨ। ਹਰ ਵਰ੍ਹੇ ਨਵੇਂ ਟੈਕਸ, ਨਵੇਂ 'ਮੀਸਾ' ਵਰਗੇ ਕਾਨੂੰਨ, ਐਮਰਜੈਂਸੀ, ਸੰਜੇ ਗਾਂਧੀ, ਰਾਜੀਵ ਗਾਂਧੀ.... ਆਦਿ ਸੌਗਾਤਾਂ ਤੇ ਤੋਹਫੇ ਭਾਰਤੀ ਹੁਕਮਰਾਨ ਆਪਣੀ ਜਨਤਾ ਨੂੰ ਪੇਸ਼ ਕਰਦੇ ਰਹਿੰਦੇ ਹਨ। ਇਸ ਵਰ੍ਹੇ ਦੀ ਅਜ਼ਾਦੀ ਦਿਨ 'ਤੇ ਸੁਗਾਤ ਵਜੋਂ ਲੋਕਾਂ ਦੇ ਮੋਢਿਆਂ ਤੋਂ ਹੜਤਾਲ ਕਰਨ ਦੇ ਹੱਕ ਦਾ ਵਾਧੂ ਭਾਰ ਉਤਾਰਨ ਲਈ ਉਹਨਾਂ ਤੋਂ ਇਹ ਹੱਕ ਖੋਹਿਆ ਜਾ ਰਿਹਾ ਹੈ। ਭਾਰਤੀ ਹੁਕਮਰਾਨ ਕਿੰਨਾ ਖਿਆਲ ਰੱਖਦੇ ਹਨ ਲੋਕਾਂ ਦਾ। ਫੇਰ ਵੀ ਖਬਰੇ ਕਿਉਂ ਕੁੱਝ ਲੋਕ ਸ਼ਿਕਾਇਤਾਂ ਕਰਦੇ ਹਨ।

## ਸਿਆਣਿਆਂ ਦੀ ਸਲਾਹ - ਸਾਧੂ

ਕੁਝ ਮਹੀਨੇ ਦੇ ਅਖੀਰ ਵਿਚ ਇਕ ਬੜੀ ਦਿਲਚਸਪ ਖਬਰ ਪੜ੍ਹਨ ਨੂੰ ਮਿਲੀ। ਤਰਵੰਜਾ ਨੋਬਲ ਇਨਾਮ ਜੇਤੂ ਬੁਧੀਜੀਵੀਆਂ ਤੇ ਵਿਗਿਆਨੀਆਂ ਨੇ ਇਕ ਸਾਂਝੇ ਬਿਆਨ ਰਾਹੀਂ ਦੁਨੀਆਂ ਭਰ ਦੇ ਗਰੀਬ ਤੇ ਦੱਬੇ-ਕੁਚਲੇ ਲੋਕਾਂ ਨੂੰ ਅਮੀਰਾਂ ਵਿਰੁੱਧ ਬਗਾਵਤ ਕਰਨ ਲਈ ਉਕਸਾਇਆ। ਇਹ ਬਿਆਨ ਜਨੇਵਾ, ਨਿਊਯਾਰਕ ਤੇ ਬੋਨ ਹੋਰ ਸ਼ਹਿਰਾਂ ਵਿਚੋਂ ਪ੍ਰਕਾਸ਼ਤ ਕੀਤਾ ਗਿਆ। ਬਿਆਨ ਵਿਚ ਕਿਹਾ ਗਿਆ ਸੀ ਕਿ ਦੁਨੀਆਂ ਵਿਚ ਵਿਚਰ ਰਹੀਆਂ ਅੰਤਰ-ਰਾਸ਼ਟਰੀ ਸਿਆਸੀ ਤੇ ਆਰਥਿਕ ਗੁੰਝਲਾਂ ਕਰਕੇ ਕਰੋੜਾਂ ਲੋਕ ਭੁੱਖ ਦਾ ਸ਼ਿਕਾਰ ਹੋ ਰਹੇ ਹਨ। ਬਿਆਨ ਵਿਚ ਅੱਗੇ ਕਿਹਾ ਗਿਆ ਕਿ ਜੇ ਸਾਰੇ ਗਰੀਬ ਲੋਕ ਇਕੱਠੇ ਹੋ ਕੇ ਸ਼ਾਂਤਮਈ ਤਰੀਕੇ ਨਾਲ ਗਾਂਧੀ ਦੀਆਂ ਅਹਿੰਸਾ-ਵਾਦੀ ਲੀਹਾਂ ਤੇ ਚੱਲ ਕੇ ਕਾਨੂੰਨ ਮੰਨਣੇ ਬੰਦ ਕਰ ਦੇਣ ਤਾਂ ਉਹ ਆਪਣੀ ਮਾੜੀ ਹਾਲਤ ਤੋਂ ਛੁਟਕਾਰਾ ਪਾ ਸਕਦੇ ਹਨ। ਇਸ ਗੱਲ ਵਿਚ ਪੈਣ ਤੋਂ ਬਿਨਾਂ ਵੀ ਕਿ ਗਾਂਧੀਵਾਦੀ ਤਰੀਕਿਆਂ ਨਾਲ ਕੁੱਝ ਹੱਲ ਹੋ ਸਕਦਾ ਹੈ ਕਿ ਨਹੀਂ, ਇਹ ਗੱਲ ਆਪਣੇ ਆਪ ਵਿਚ ਬੜੀ ਅਹਿਮ ਹੈ ਕਿ ਸੰਸਾਰ ਦੇ ਸਿਰ ਕੱਢ ਬੰਦੇ, ਗਰੀਬਾਂ ਨੂੰ ਕਾਨੂੰਨ ਦੀ ਉਲੰਘਣਾ ਕਰਨ ਲਈ ਕਹਿ ਰਹੇ ਹਨ। ਦੁਨੀਆਂ ਭਰ ਦੇ ਦੱਬੇ-ਕੁਚਲੇ ਤੇ ਗਰੀਬ ਲੋਕਾਂ ਤੱਕ ਉਨ੍ਹਾਂ ਦੀ ਇਹ ਆਵਾਜ਼ ਪਹੁੰਚਣੀ ਚਾਹੀਦੀ ਹੈ।

## ਖੁਸ਼ਵੰਤ ਸਿੰਘ - ਸਾਧੂ

ਕੁੱਝ ਦਿਨ ਹੋਏ ਬੈਲਗਾਮ (ਕਰਨਾਟਕ) ਵਿਚ ਇੱਥੋਂ ਦੇ ਸਿੱਖਾਂ ਵਲੋਂ ਇਕ ਕਨਵੈਨਸ਼ਨ ਬੁਲਾਈ ਗਈ। ਇਹ ਪਤਾ ਲੱਗਾ ਹੈ ਕਿ ਉਸ ਵਿਚ ਹਿੱਸਾ ਲੈਣ ਆਏ ਹੋਏ ਸਿੱਖ ਇਤਿ-ਹਾਸਕਾਰ ਤੇ ਅੰਤਰਰਾਸ਼ਟਰੀ-ਪੱਧਰ ਤੇ ਜਾਣੇ ਜਾਂਦੇ ਪੱਤਰਕਾਰ ਖੁਸ਼ਵੰਤ ਸਿੰਘ ਨੂੰ ਸਟੇਜ ਤੋਂ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਕਨਵੈਨਸ਼ਨ ਦੀ ਅੰਦਰੂਨੀ ਸਿਆਸਤ ਬਾਰੇ ਤਾਂ ਸ਼ਾਇਦ ਸੱਜਣ ਹੀ ਜਾਣਦੇ ਹੋਣਗੇ ਕਿ ਅਜਿਹਾ ਕਿਉਂ ਹੋਇਆ ਪਰ ਇਹ ਗੱਲ ਬੜੀ ਹੈਰਾਨੀ ਵਾਲੀ ਹੈ ਕਿ ਇਕ ਸਿਆਣੇ ਤੇ ਉੱਘੇ ਸਿੱਖ ਸ਼ਖ਼ਸੀਅਤ ਨੂੰ ਸਿੱਖਾਂ ਦੀ ਕਨਵੈਨਸ਼ਨ ਉੱਤੇ ਬੋਲਣ ਤੋਂ ਰੋਕਿਆ ਜਾਵੇ। ਗੁਰਦੁਆਰਿਆਂ ਵਿਚ ਚਲਦੇ ਰੋਜ਼ ਦੇ ਪ੍ਰੋਗਰਾਮ ਤੇ ਪ੍ਰਬੰਧ ਤੋਂ ਇਕ ਕਨਵੈਨਸ਼ਨ ਵਿਚ ਕੁੱਝ ਨਾ ਕੁੱਝ ਵੱਖਰਾ ਜ਼ਰੂਰ ਹੋਣਾ ਚਾਹੀਦਾ ਹੈ। ਇੱਕੋ ਧਰਮ, ਇੱਕੋ ਫ਼ਿਲਾਸਫ਼ੀ ਨੂੰ ਮੰਨਣ ਵਾਲੇ ਲੋਕਾਂ ਦੇ ਵੱਖਰੇ ਵੱਖਰੇ ਵਿਚਾਰ ਉਸ ਧਰਮ ਤੇ ਫ਼ਿਲਾਸਫ਼ੀ ਨੂੰ ਅੱਗੇ ਵਧਾਉਣ ਲਈ ਹੀ ਸਹਾਈ ਹੋਣਗੇ। ਅਕਲ ਨੂੰ ਇਸ ਤਰ੍ਹਾਂ ਧੱਕੇ ਮਾਰਨੇ ਕੋਈ ਅਕਲ ਵਾਲੀ ਗੱਲ ਨਹੀਂ।

## ਸ਼ਾਹੀ ਵਿਆਹ - ਅਮਰਜੀਤ ਰਾਜਨ

" ਰਾਜੇ ਦੀ ਘੋੜੀ ਸੂਣ ਲੱਗੀ, ਅੱਖਾਂ ਮੀਟ ਲਉ!"

ਇੰਗਲੈਂਡ ਦੇ ਰਾਜਕੁਮਾਰ ਦੇ ਵਿਆਹ ਦੀ ਡੌਂਡੀ ਇੰਝ ਪਿਟੀ ਗਈ ਜਿਵੇਂ ਉਸ ਦੇ ਵਿਆਹ ਤੋਂ ਬਾਅਦ ਇੰਗਲੈਂਡ ਦੇ ਆਰਥਿਕ ਮੰਦਵਾੜੇ 'ਚ ਕੋਈ ਅਜਿਹਾ ਮੋੜ ਆ ਜਾਵੇਗਾ। ਅਖ਼ਬਾਰਾਂ ਦੇ ਕਈ ਸਫ਼ੇ, ਰੇਡੀਉ ਅਤੇ ਟੈਲੀਵੀਜ਼ਨ ਉਪਰ ਇਹ ਪ੍ਰਚਾਰ-ਇਤਨਾ ਭਾਰੂ ਅਤੇ ਆਮ ਲੋਕਾਂ ਲਈ ਮਾਰੂ ਸੀ ਕਿ ਹਰ ਪਾਸੇ ਰਾਜਕੁਮਾਰ ਦਾ ਵਿਆਹ.... ਰਾਜਕੁਮਾਰ ਦਾ ਵਿਆਹ ...... ਦਾ ਹੀ ਸ਼ੋਰ ਸੁਣਾਈ ਦਿੰਦਾ ਸੀ।

ਉਸ ਸਮੇਂ ਇੰਗਲੈਂਡ ਦੀ ਵਸੋਂ 60% ਤੋਂ ਉਪਰ ਬੇਕਾਰ ਬੈਠੀ ਸੀ। ਲੋਕ ਰੋਜ਼ ਦੀਆਂ ਜ਼ਰੂਰੀ ਵਸਤਾਂ ਨੂੰ ਬੇਕਾਰੀ ਦੇ ਸਮੇਂ ਮੁਸ਼ਕਲ ਨਾਲ ਖਰੀਦ ਰਹੇ ਸਨ। ਸ਼ਾਹੀ ਵਿਆਹ ਤੋਂ ਕੁੱਝ ਹਫ਼ਤੇ ਪਹਿਲਾਂ ਤੇਜ਼ੀ ਨਾਲ ਸ਼ੁਰੂ ਹੋਏ, ਸਾੜ ਫੂਕ ਅਤੇ ਭੰਨ-ਤੋੜ ਦੀਆਂ ਹਿੰਸਕ ਵਾਰਦਾਤਾਂ, ਉਥੋਂ ਦੀਆਂ ਸਰਕਾਰੀ ਮਸ਼ੀਨਰੀ ਵਿਰੁੱਧ ਲੋਕਾਂ ਦੇ ਗੁੱਸੇ ਦਾ ਦਿਖਾਵਾ ਸੀ ਅਤੇ ਹੈ। ਜਿਸ ਨੂੰ ਸਰਕਾਰ ਨੇ ਵਿਆਹ ਦੇ ਰੌਲੇ ਹੇਠ ਰੋਲ ਦੇਣਾ ਚਾਹਿਆ ਪਰ ਨਾ-ਕਾਮਯਾਬ ਰਹੀ।

ਇਸ ਵਿਆਹ ਨੂੰ ਇਤਨੇ ਜ਼ੋਰ ਸ਼ੋਰ ਨਾਲ ਪੇਸ਼ ਕਰਨ ਦਾ ਇਕ ਕਾਰਨ ਦੁਕਾਨਦਾਰੀ ਵੀ ਹੈ। ਦੁਕਾਨਦਾਰਾਂ ਨੇ ਆਪਣਾ ਮਾਲ ਖਾਣ-ਪੀਣ ਦੀਆਂ ਚੀਜ਼ਾਂ ਤੋਂ ਲੈ ਕੇ ਪਹਿਨਣ-ਪੱਚਰਨ ਤੱਕ ਦੀਆਂ ਵਸਤਾਂ ਨੂੰ ਇਸ ਜੋੜੀ ਦੀਆਂ ਤਸਵੀਰਾਂ ਛਾਪਕੇ ਜਾਂ ਉਨ੍ਹਾਂ ਦੇ ਰੰਗ-ਢੰਗ 'ਚ ਰੰਗ ਕੇ ਪੇਸ਼ ਕੀਤਾ ਅਤੇ ਅੰਨ੍ਹਾ ਮੁਨਾਫ਼ਾ ਕਮਾਇਆ। ਇਹ ਮੁਨਾਫ਼ਾ ਸ਼ਾਇਦ ਉਸ ਮਾਤਰਾ ਜਿੰਨਾ ਹੀ ਹੋਵੇ ਜਿਤਨਾ ਇਹ ਕ੍ਰਿਸ-ਮਿਸ ਦਾ ਸਹਾਰਾ ਲੈ ਕੇ ਕਮਾਉਂਦੇ ਹਨ। ਅਤੇ ਲੋਕਾਂ ਦੀ ਖੱਲ ਪੁੱਠਿਆਂ ਢੰਗਾਂ ਦੇ ਨਹੀਂ ਸਗੋਂ ਇੰਝ ਇਨ੍ਹਾਂ ਜਜ਼ਬਾਤਾਂ ਸਹਾਰੇ ਲਾਹੁੰਦੇ ਹਨ।

ਪਰ ਸਦਕੇ ਇੰਗਲੈਂਡ ਦੀ ਟੋਰੀ ਸਰਕਾਰ ਦੇ (ਉਨ੍ਹਾਂ ਅਖ਼ਬਾਰਾਂ-ਰਸਾਲਿਆਂ ਦੇ ਜਿਨ੍ਹਾਂ ਇਸ ਵਿਆਹ ਦੀਆਂ ਵੱਡੀਆਂ ਵੱਡੀਆਂ ਤਸਵੀਰਾਂ ਛਾਪਕੇ ਇਸ ਵਿਆਹ ਦੀ ਉਪਮਾ ਕੀਤੀ। ਉਹਨਾਂ ਅਦਾਰਿਆਂ ਦੇ ਜਿਨ੍ਹਾਂ ਸੈਂਕੜੇ ਮੀਲ ਦੂਰ ਹੁੰਦੇ ਹੋਏ ਵੀ ਜਸ਼ਨ ਮਨਾਏ) ਜਿਸ ਲੋਕਾਂ ਦੇ ਅਜਿਹੇ ਮੁਸ਼ਕਲ ਭਰੇ ਸਮੇਂ ਨੂੰ ਅੱਖੋਂ ਉਹਲੇ ਕਰਕੇ, ਉਨ੍ਹਾਂ (ਲੋਕਾਂ) ਦੇ ਖੂਨ ਪਸੀਨੇ ਦੀ ਕਮਾਈ ਦੇ ਲੱਖਾਂ-ਹਜ਼ਾਰਾਂ ਪੌਂਡ ਇਸ ਵਿਆਹ ਉੱਤੇ ਪਾਣੀ ਵਾਂਗ ਰੋੜ੍ਹ ਦਿੱਤੇ।

ਲੋਕ ਇਕ ਦਿਨ ਪੁੱਛਣਗੇ, 'ਜੇਕਰ ਰਾਜੇ ਦੀ ਘੋੜੀ ਨੇ ਸੂਣਾ ਹੈ ਤਾਂ ਅਸੀਂ ਅੱਖਾਂ ਕਿਉਂ ਮੀਟੀਏ?

## ਖਾਲਿਸਤਾਨ ਦੇ ਸ਼ਰਨਾਰਥੀ - ਸੁਖਦੇਵ ਤੂਫ਼ਨ

ਜਦੋਂ ਤੋਂ ਪੰਜਾਬ ਵਿਚ ਖਾਲਿਸਤਾਨ ਦਾ ਰੌਲਾ ਸ਼ੁਰੂ ਹੈ ਉਦੋਂ ਤੋਂ ਹੀ ਏਜੰਟਾਂ ਨੇ ਕੈਨੇਡਾ ਖੁਲ੍ਹ ਗਿਆ ਦਾ ਰੌਲਾ ਸ਼ੁਰੂ ਕੀਤਾ ਹੋਇਆ ਹੈ। ਏਜੰਟ ਲੋਕਾਂ ਨੂੰ ਕੈਨੇਡਾ ਬਾਰੇ ਝੂਠ ਬੋਲ (ਕਿ ਉਥੇ ਖਾਲਿਸਤਾਨ ਦੇ ਸ਼ਰਨਾਰਥੀਆਂ ਨੂੰ ਪਨਾਹ ਮਿਲ ਜਾਂਦੀ ਹੈ। ਲੋਕਾਂ ਦੀ ਖੱਲ ਆਮ ਲੁੱਟ ਕਰ ਰਹੇ ਹਨ। ਇਸ ਦੇ ਨਾਲ ਏਥੇ ਖਾਲਿਸਤਾਨ ਦਾ ਸ਼ਰਨਾਰਥੀ ਬਣ ਆਏ ਇਕ ਨੌਜਵਾਨ ਤੋਂ ਪਤਾ ਲੱਗਾ ਹੈ ਕਿ ਪੰਜਾਬ ਵਿਚ ਖਾਲਿਸਤਾਨ ਦੇ ਮੁਹਰੀ, ਏਥੇ ਸ਼ਰਨਾਰਥੀ ਬਣ ਆਉਣ ਵਾਲੇ ਲੋਕਾਂ ਨੂੰ ਸ਼ਰਨਾਰਥੀ ਹੋਣਾ ਸਿੱਧ ਕਰਦੀ ਚਿੱਠੀ ਦੇਣ ਲਈ 500 ਤੋਂ 5000 ਰੁਪਏ ਤੱਕ ਲੈ ਰਹੇ ਹਨ। ਉਨ੍ਹਾਂ ਦੀ ਸਰਕਾਰ ਚਲਾਉਣ ਲਈ ਖਰਚ ਲੋਕਾਂ ਤੋਂ

ਜਾਂਦਾ ਹੈ।

ਵੀਹ ਤੋਂ ਚਾਲ੍ਹੀ ਹਜ਼ਾਰ ਤੱਕ ਲਾ ਕੇ ਆਏ ਇਹ ਨੌਜਵਾਨ ਜਦੋਂ ਕੈਨੇਡਾ ਉਤਰਦੇ ਹਨ ਤਾਂ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਉਹ ਠੱਗੇ ਗਏ ਹਨ। ਬਹੁਤੇ ਕੇਸਾਂ ਵਿਚ ਇਥੋਂ ਦੀ ਇਮੀਗਰੇਸ਼ਨ ਵਾਲੇ ਉਨ੍ਹਾਂ ਦੇ ਪਾਸਪੋਰਟ ਆਪਣੇ ਕੋਲ ਰੱਖ ਉਨ੍ਹਾਂ ਨੂੰ ਥੋੜ੍ਹੇ ਦਿਨਾਂ ਦੀ ਮੋਹਲਤ ਦੇ ਦਿੰਦੇ ਹਨ ਅਤੇ ਫਿਰ ਇਕ ਤਾਰੀਖ਼ ਤੇ ਕੋਰਟ ਹਾਜ਼ਰ ਹੋਣ ਕਹਿੰਦੇ ਹਨ। ਕਈਆਂ ਕੇਸਾਂ ਵਿਚ ਇਮੀਗਰੇਸ਼ਨ ਵਾਲੇ ਇਨ੍ਹਾਂ ਲੋਕਾਂ ਨੂੰ ਜੇਲ੍ਹ ਰੱਖਦੇ ਹਨ ਅਤੇ ਇਕ ਦੋ ਹਫ਼ਤਿਆਂ ਬਾਅਦ ਹਾਜ਼ਰ ਜਾਣ ਦਿੰਦੇ ਹਨ। ਏਥੋਂ ਦੇ ਇਮੀਗਰੇਸ਼ਨ ਮਹਿਕਮੇ ਅਨੁਸਾਰ ਪਾਕਿਸਤਾਨ ਦੇ ਚੱਕਰ 'ਚ ਆਏ ਲੋਕ "ਸ਼ਰਨਾਰਥੀਆਂ ਦੀ ਪਨਾਹ" ਲਈ ਕੁਆਲੀਫਾਈ ਨਹੀਂ ਕਰ ਸਕਦੇ ਕਿਉਂਕਿ ਇਮੀ-ਗਰੇਸ਼ਨ ਵਾਲਿਆਂ ਦੀ ਹਿੰਦੁਸਤਾਨ ਵਿਚ ਕੀਤੀ ਜਾਂਚ ਅਨੁਸਾਰ ਇਨ੍ਹਾਂ ਲੋਕਾਂ ਨੂੰ ਉਥੇ ਜਾਨਮਾਲ ਦਾ ਕੋਈ ਖਤਰਾ ਨਹੀਂ।

ਆਪਣੇ ਕੋਲੋਂ ਏਨਾ ਪੈਸਾ ਖਰਚ ਇਹ ਲੋਕ ਅੰਨ੍ਹੇ ਖੂਹ ਵਿਚ ਛਾਲ ਕਿਉਂ ਮਾਰਦੇ ਹਨ ਇਸ ਪਿਛੇ ਵੀ ਕਈ ਕਾਰਨ ਹੋਣਗੇ। ਆਪਣੀ ਜ਼ਿੰਦਗੀ 'ਚ ਬਿਹਤਰੀਨ ਸਾਲ ਸਕੂਲਾਂ ਕਾਲਜਾਂ 'ਚ ਗਾਲ ਡਿਗਰੀਆਂ ਡਿਪਲੋਮੇ ਲੈ ਜਦੋਂ ਇਹ ਨੌਜਵਾਨ ਭਵਿੱਖ ਵੱਲ ਨਿਗਾਹ ਮਾਰਦੇ ਹਨ ਤਾਂ ਕੁੱਝ ਵੀ ਨਜ਼ਰ ਨਹੀਂ ਆਉਂਦਾ। ਮਾਂ ਬਾਪ ਜਿਨ੍ਹਾਂ ਨੂੰ ਆਪਣੀ ਗਾੜ੍ਹੇ ਪਸੀਨੇ ਦੀ ਕਮਾਈ ਉਨ੍ਹਾਂ ਦੀ ਪੜ੍ਹਾਈ ਤੇ ਇਸ ਕਰਕੇ ਖਰਚ ਕੀਤੀ ਹੁੰਦੀ ਹੈ ਕਿ ਜਦੋਂ ਉਨ੍ਹਾਂ ਦੇ ਬੱਚੇ ਪੜ੍ਹ ਲਿਖ ਜਾਣਗੇ ਤਾਂ ਉਹਨਾਂ ਦਾ ਸਹਾਰਾ ਬਣਨਗੇ। ਪਰ ਆਪਣੇ ਬੱਚਿਆਂ ਨੂੰ ਬੇਰੁਜ਼ਗਾਰ ਵੇਖ ਉਹ ਨਿਰਾਸ਼ ਹੋ ਜਾਂਦੇ ਹਨ। ਏਜੰਟ ਕਿਸਮ ਦਾ ਵਰਗ ਇਸ ਨਿਰਾਸ਼ਾ ਦਾ ਪੂਰਾ ਫਾਇਦਾ ਉਠਾਉਂਦਾ ਹੈ। ਉਹ ਮਾਪਿਆਂ ਨੂੰ ਦੂਰ ਹਨੇਰੇ ਵਿਚ ਇਕ ਕਿਰਨ ਦੇ ਸਬਜ਼ਬਾਗ਼ ਵਿਖਾਉਂਦਾ ਹੈ। ਮਾਂ-ਬਾਪ ਆਪਣਾ ਸਭ ਕੁੱਝ ਵੇਚ ਆਪਣੇ ਬੱਚਿਆਂ ਨੂੰ ਇਹ ਕਿਰਨ ਲੱਭਣ ਤੋਰ ਦਿੰਦੇ ਹਨ ਅਤੇ ਲੁੱਟੇ ਜਾਂਦੇ ਹਨ।

ਇਸ ਲੁੱਟ ਦੀ ਰੋਕ ਦਾ ਅਸਲੀ ਹਲ ਤਾਂ ਇਹ ਹੈ ਕਿ ਹਿੰਦੁਸਤਾਨ ਵਿਚ ਲੋਕਾਂ ਦੀ ਆਪਣੀ ਸਰਕਾਰ ਹੋਵੇ। ਜੋ ਸਾਰੇ ਲੋਕਾਂ ਲਈ ਰੁਜ਼ਗਾਰ ਦੀ ਇਕੋ ਜਿਹੇ ਮੌਕੇ ਮੁਹਈਆ ਕਰੇ। ਭ੍ਰਿਸ਼ਟਾਚਾਰ ਦਾ ਖਾਤਮਾ ਕਰੇ। ਆਮ ਲੋਕਾਂ ਨੂੰ ਵੀ ਮਾਣ ਨਾਲ ਜ਼ਿੰਦਗੀ ਜਿਉਣ ਦਾ ਹੱਕ ਦੇਵੇ।

ਫੌਰੀ ਤੌਰ ਤੇ ਸਰਕਾਰ ਦਾ ਇਹ ਵੀ ਫਰਜ਼ ਬਣਦਾ ਹੈ ਕਿ ਉਹ ਅਜਿਹੇ ਲੋਕਾਂ ਵਿਰੁੱਧ ਸਖਤ ਕਦਮ ਚੁੱਕੇ ਜੋ ਝੂਠ ਬੋਲ ਉਨ੍ਹਾਂ ਦੀ ਸ਼ਰ੍ਹੇ ਆਮ ਲੁੱਟ ਕਰਦੇ ਹਨ ਅਤੇ ਆਮ ਲੋਕਾਂ ਤਕ ਸਹੀ ਗੱਲ ਪਹੁੰਚਾਏ।

ਲੋਕਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਏਜੰਟਾਂ ਦੇ ਕਹੇ ਚੜ੍ਹਨ ਤੋਂ ਪਹਿਲਾਂ ਏਧਰ ਵਸਦੇ ਆਪਣੇ ਕਿਸੇ ਰਿਸ਼ਤੇਦਾਰ ਦੋਸਤ ਮਿੱਤਰ ਤੋਂ ਏਥੋਂ ਦੀਆਂ ਹਾਲਤਾਂ ਬਾਰੇ ਪੁੱਛ ਪੜਤਾਲ ਕਰੇ। ਇਸ ਦੇ ਨਾਲ ਹੀ ਏਜੰਟਾਂ ਨਾਲੋਂ ਜ਼ਿਆਦਾ ਆਪਣੇ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਦੀ ਗੱਲ ਤੇ ਯਕੀਨ ਕਰਨ ਦੀ ਆਦਤ ਪਾਏ।

× × × ×

ਇਹ ਖਬਰ ਪੰਜਾਬੀ ਜਗਤ ਵਿੱਚ ਬੜੇ ਦੁੱਖ ਨਾਲ ਸੁਣੀ ਗਈ ਹੈ ਕਿ ਪੰਜਾਬੀ ਦੇ ਪੱਤਰਕਾਰ ਅਤੇ ਕਹਾਣੀਕਾਰ ਸ: ਨਵਤੇਜ ਸਿੰਘ ਪ੍ਰੀਤਲੜੀ ਦੀ ਕੈਂਸਰ ਕਾਰਨ ਮੌਤ ਹੋ ਗਈ ਹੈ। ਨਵਤੇਜ ਪ੍ਰੀਤਲੜੀ ਦੇ ਸੰਪਾਦਕ ਸਨ। ਉਹਨਾਂ ਦਾ ਪ੍ਰੀਤਲੜੀ ਵਿੱਚ 'ਮੇਰੀ ਧਰਤੀ ਮੇਰੇ ਲੋਕ' ਨਾਂ ਦਾ ਕਾਲਮ ਬੜਾ ਹਰਮਨ ਪਿਆਰਾ ਹੋਇਆ ਹੈ। ਉਹਨਾਂ ਕਈ ਚੰਗੀਆਂ ਕਹਾਣੀਆਂ ਲਿਖੀਆਂ ਜਿਹਨਾਂ ਦਾ ਪੰਜਾਬੀ ਸਾਹਿਤ ਵਿੱਚ ਵਿਸ਼ੇਸ਼ ਸਥਾਨ ਹੈ। ਅਦਾਰਾ ਵਤਨੋਂ ਦੂਰ ਉਹਨਾਂ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲ ਅਜਿਹੇ ਸੋਗਮਈ ਸਮੇਂ ਹਮਦਰਦੀ ਜ਼ਾਹਰ ਕਰਦਾ ਹੈ।

# ਰਾਖੇ

ਸਾਧੂ

ਸਾਰਾ ਦਿਨ ਮੀਂਹ ਪੈਂਦਾ ਰਿਹਾ ਸੀ। ਹੁਣ ਵੀ ਸੜਕ ਦੀਆਂ ਬੱਤੀਆਂ ਦੇ ਚਾਨਣ ਥੱਲੇ ਬਰੀਕ ਬਰੀਕ ਫੁਹਾਰ ਪੈਂਦੀ ਦਿਸਦੀ ਸੀ। ਸਤੰਬਰ ਦਾ ਮਹੀਨਾ ਹੋਣ ਕਰਕੇ ਅਜੇ ਠੰਢ ਐਨੀ ਨਹੀਂ ਸੀ ਹੋਈ ਪਰ ਦੋ ਤਿੰਨ ਦਿਨ ਲਗਾਤਾਰ ਮੀਂਹ ਪੈਂਦਾ ਰਹਿਣ ਕਰਕੇ ਅੱਜ ਰਾਤ ਕੁਝ ਠੰਢ ਸੀ। ਉਨ੍ਹਾਂ ਦਾ ਘਰ ਜਿਸ ਸੜਕ ਤੇ ਸੀ ਉਹ ਰਾਤ ਵੇਲੇ ਐਨੀ ਵਸਦੀ ਨਹੀਂ ਸੀ। ਗਿਆਰਾਂ ਵਜੇ ਤੋਂ ਬਾਦ ਲਗਦਾ ਜਿਵੇਂ ਬੱਤੀਆਂ ਵਾਲੇ ਉੱਚੇ ਉੱਚੇ ਖੰਭਿਆਂ ਨੇ ਮੌਨ ਧਾਰ ਲਿਆ ਹੋਵੇ। ਉਨ੍ਹਾਂ ਨੂੰ ਇਸ ਘਰ ਵਿਚ ਰਹਿੰਦਿਆਂ ਦਸ ਸਾਲ ਹੋ ਗਏ ਸਨ। ਤਿੰਨ ਚਾਰ ਸਾਲ ਪਹਿਲਾਂ ਤੱਕ ਉਨ੍ਹਾਂ ਨੂੰ ਰਾਤ ਤੇ ਦਿਨ ਵਿੱਚ ਕੋਈ ਫਰਕ ਨਹੀਂ ਸੀ ਲੱਗਦਾ ਪਰ ਹੁਣ ਗੱਲ ਵਖਰੀ ਸੀ। ਹੁਣ ਰਾਤ ਪੈਂ-ਦਿਆਂ ਹੀ ਉਨ੍ਹਾਂ ਦੇ ਮਨਾਂ ਅੰਦਰ ਇੱਕ ਖਿੱਚ ਜਿਹੀ, ਇੱਕ ਡਰ ਜਿਹਾ ਉੱਠ ਆਉਂਦਾ ਤੇ ਉਹ ਸੁੱਤੇ ਪਏ ਵੀ ਕਿਸੇ ਅਣਹੋਣੀ ਦੀ ਉਡੀਕ ਜਿਹੀ ਕਰਦੇ।

ਹਰਨਾਮ ਸਿੰਘ ਨੇ ਆਦਤ ਅਨੁਸਾਰ ਗਿਆਰਾਂ ਵਜੇ ਵਾਲੀਆਂ ਖਬਰਾਂ ਵੇਖੀਆਂ ਤੇ ਫੇਰ ਟੀ.ਵੀ. ਬੰਦ ਕਰ ਦਿੱਤਾ ਤੇ ਬਹਿਣ ਵਾਲੀਆਂ ਕਮਰੇ ਦੀਆਂ ਬੱਤੀਆਂ ਬੁਝਾ ਕੇ ਬਾਥਰੂਮ ਜਾ ਵੜਿਆ। ਬਾਥਰੂਮ ਵਿੱਚ ਉਹਨੇ ਉੱਚੀ ਉੱਚੀ ਖੰਘੂਰੇ ਮਾਰ ਕੇ ਗਲਾ ਸਾਫ ਕੀਤਾ ਤੇ ਫੇਰ ਨੱਕ ਸਾਫ ਕਰਨ ਲਈ ਵੀ ਉੱਚੀ ਆਵਾਜ਼ ਪੈਦਾ ਕੀਤੀ, ਲਗਦਾ ਸੀ ਜਿਵੇਂ ਟੀ.ਵੀ. ਦੇ ਬੰਦ ਹੋਣ ਬਾਦ ਘਰ ਵਿੱਚ ਛਾਈ ਚੁੱਪ ਨੂੰ ਡਰਾ ਰਿਹਾ ਹੋਵੇ। ਦਇਆ ਕੌਰ ਤਾਂ ਕਿੰਨੇ ਚਿਰਾਂ ਦੀ ਬੈਡਰੂਮ ਵਿੱਚ ਜਾ ਪਈ ਸੀ ਪਰ ਉਹ ਅਜੇ ਸੁੱਤੀ ਨਹੀਂ ਸੀ। "ਬੁੱਢਿਆਂ ਬੰਦਿਆਂ ਨੂੰ ਨੀਂਦ ਕਿਹੜੀ ਛੇਤੀ ਛੇਤੀ ਆਉਂਦੀ ਆ।" ਉਹ ਹਰ ਰਾਤ ਹੀ ਆਦਤ ਮੁਤਾਬਿਕ ਕਹਿੰਦੀ। ਸੌਣ ਲੱਗਿਆਂ ਜਿਵੇਂ ਹਨੇਰੇ ਤੇ ਇਕੱਲਤਾ ਤੋਂ ਡਰਦੇ ਉਨ੍ਹਾਂ ਚੋਂ ਇੱਕ ਜਣਾ ਕਹਿੰਦਾ "ਬੜੀ ਮੌਜ ਸੀ ਬੱਚੇ ਵਾਲਿਆਂ ਦੀ, ਰਾਤ ਨੂੰ ਕਦੀ ਰੋਂਦੇ ਨਿਆਣਿਆਂ ਨਿੱਕਿਆਂ ਦੀ ਆਵਾਜ਼ ਆਉਂਦੀ ਸੀ ਤਾਂ ਘਰ ਜੀਂਦਾ ਜੀਂਦਾ ਲਗਦਾ" ਤੇ ਫਿਰ ਉਹ ਦੋਵੇਂ ਜਣੇ ਉਨ੍ਹਾਂ ਦੇ ਚੰਗੇ ਰਹਿੰਦੇ ਕਿਰਾਏਦਾਰਾਂ ਬਾਰੇ ਗੱਲਾਂ ਕਰਦੇ ਕਰਦੇ ਸੌਂ ਜਾਂਦੇ। ਉਨ੍ਹਾਂ ਨੇ ਕਾਫੀ ਚਿਰਾਂ ਤੋਂ ਆਪਣੀ ਬੇਸਮੈਂਟ ਕਿਰਾਏ 'ਤੇ ਦੇ ਰੱਖੀ ਸੀ। ਇਹਦੇ ਨਾਲ ਉਨ੍ਹਾਂ ਨੂੰ ਥੋੜ੍ਹੀ ਪੈਸਿਆਂ ਵਲੋਂ ਵੀ ਮੱਦਦ ਹੋ ਜਾਂਦੀ ਸੀ ਪਰ ਬਹੁਤਾ ਫਾਇਦਾ ਉਨ੍ਹਾਂ ਨੂੰ ਸਾਥ ਦਾ ਸੀ ਉਨ੍ਹਾਂ ਦੇ ਆਪਣੇ ਨਿਆਣੇ ਤਾਂ ਹੁਣ ਵਿਆਹ ਹੋ ਚੁੱਕੇ ਸਨ ਤੇ ਆਪੋ ਆਪਣੀ ਘਰੀਂ ਰਹਿੰਦੇ ਸਨ। ਉਨ੍ਹਾਂ ਦੇ ਨਿਆਣੇ ਇਥੋਂ ਵੀ ਡਾਲਰ-ਫੋਨ ਸਮਾਰ ਲੱਗੇ ਕਿਤੇ ਹਫਤੇ ਦੇ ਹਫਤੀਂ ਉਨ੍ਹਾਂ ਦੀ ਖਬਰ ਸਾਰ ਲੈ ਜਾਂਦੇ। ਇਸ ਇਕੱਲਤਾ ਤੋਂ ਡਰਦਿਆਂ ਉਨ੍ਹਾਂ ਆਪਣੀ ਬੇਸਮੈਂਟ ਕਿਰਾਏ 'ਤੇ ਦਿੱਤੀ ਸੀ ਪਰ ਉਨ੍ਹਾਂ ਦੀ ਬੇਸਮੈਂਟ ਸ਼ਹਿਰ ਦੇ ਕਨੂੰਨ ਮੁਤਾਬਕ ਕਿਰਾਏ ਤੇ ਨਹੀਂ ਸੀ ਚੜ੍ਹਾਈ ਜਾ ਸਕਦੀ। ਗੁਆਂਢੋਂ ਕਿਸੇ ਆਰ ਪਾਰ ਦੀ ਵਿਹਲੀ ਗੋਰੀ ਨੇ ਉਨ੍ਹਾਂ ਦੀ ਸ਼ਕਾਇਤ ਕਰ ਦਿੱਤੀ ਤੇ 'ਸਿਟੀ' ਵਾਲੇ ਆ ਕੇ ਉਨ੍ਹਾਂ ਦੇ ਕਿਰਾਏਦਾਰਾਂ ਨੂੰ ਉਨ੍ਹਾਂ ਦੇ ਘਰੋਂ ਸੂਦ ਹੋਣ ਦਾ ਹੁਕਮ ਦੇ ਗਏ। ਤੇ ਹੁਣ ਉਨ੍ਹਾਂ ਨੂੰ ਘਰ ਬੜਾ ਚੁੱਪ ਚਾਪ ਤੇ ਸੁੰਨਾ ਜਿਹਾ ਲਗਦਾ। ਰਾਤ ਨੂੰ ਸਿਰਫ ਉਨ੍ਹਾਂ ਦੇ ਪੁਰਾਣੀ ਫਰਿੱਜ ਦਾ ਕਦੀ ਘੁੰਨ ਤੇ ਫੇਰ ਹੁਲਕੇ ਜਿਹੇ ਨਾਲ ਕੰਬਣ ਦੀ ਆਵਾਜ਼ ਆਉਂਦੀ। ਜਦੋਂ ਫਰਿੱਜ ਦੀ ਚੁੱਪ ਹੁੰਦੀ ਤਾਂ ਉਨ੍ਹਾਂ ਦੇ ਸੌਣ ਵਾਲੇ ਕਮਰੇ 'ਚ ਪਏ ਪੁਰਾਣੇ ਅਲਾਰਮ ਕਲਾਕ ਦੀ ਆਵਾਜ਼ ਸਾਰੇ ਘਰ ਵਿੱਚ ਸੁਣੀ ਜਾ ਸਕਦੀ।

ਹਰਨਾਮ ਸਿੰਘ ਨੇ ਬੱਤੀ ਬੁਝਾਈ ਤੇ ਉਬਾਸੀ ਲੈਂਦਿਆਂ ਰੱਬ ਦਾ ਨਾਂ ਲਿਆ। ਦਇਆ ਕੌਰ ਨੇ ਵੀ ਪਾਸਾ ਪਰਤਦੀ ਨੇ ਕਿਹਾ," ਨੇ ਸੁਣਿਆ ਪਾਤਸ਼ਾਹ ਸੱਤ 'ਤੇ ਸੈਟ ਰੱਖੀਂ।" ਹਨੇਰੇ ਕਮਰੇ 'ਚ ਉਹ ਅਜੇ ਜਾਗਦੇ ਹੀ ਪਏ ਸਨ ਕਿ ਬਹਿਣ ਵਾਲੇ ਕਮਰੇ 'ਚ ਹੋਏ ਖੜਾਕ ਨਾਲ ਉੱਠ ਕੇ ਬੈਠੇ। ਉਨ੍ਹਾਂ ਦੋਹਾਂ ਨੂੰ ਹੀ ਪਤਾ ਸੀ ਕੀ ਹੋਇਆ ਹੈ ਤੇ ਦੋਹਾਂ ਦੇ ਦਿਲ ਗੁੱਸੇ ਨਫਰਤ ਤੇ ਬੇ-ਬਸੀ ਨਾਲ ਭਰ ਗਏ। ਪਹਿਲਾਂ ਕਈ ਵਾਰੀ ਵੀ ਤਰ੍ਹਾਂ ਅੱਜ ਫੇਰ ਗੋਰਿਆਂ ਦੇ ਅਵਾਰਾ ਮੁੰਡੇ ਪੱਥਰ ਮਾਰ ਕੇ ਉਨ੍ਹਾਂ ਦੇ ਘਰ ਦਾ ਸ਼ੀਸ਼ਾ ਤੋੜ ਗਏ ਸਨ।

ਹਰਨਾਮ ਸਿੰਘ ਕਾਫੀ ਕਮਜ਼ੋਰ ਹੁੰਦਿਆਂ ਵੀ ਹਿੰਮਤ ਨਾਲ ਉੱਠਿਆ ਤੇ ਇੱਕ ਛੋਟਾ ਜਿਹਾ ਡੰਡਾ ਹੱਥ 'ਚ ਲਈ ਬਾਹਰਲੇ ਬੂਹੇ ਵੱਲ ਵਧਿਆ। ਪਰ ਦਇਆ ਕੌਰ ਨੇ ਉਸਨੂੰ ਅੱਗੇ ਵਧ ਕੇ ਰੋਕ ਲਿਆ। " ਵੇਖ ਵੇ ਭਾਈਆ, ਕਿਉਂ ਸਦਾਈ ਬਣਦਾ ਆਂ, ਸਾਹ ਸਤ ਤਾਂ ਖੜੇ ਹੋਣ ਜੋਗੇ ਨਹੀਂ ਆਪਣੇ 'ਚ। ਨਾਲੇ ਇਹਨਾਂ ਛੋਕਰਿਆਂ ਦਾ ਕੀ ਆ ਮੂੰਹ ਸਿਰ ਤੇ ਪੱਥਰ ਮਾਰਨਗੇ ਤਾਂ ਮਾਰ ਜਾਂਦੀਏ ਹੋ ਜਾਊ। ਰਹਿਣ ਦੇ ਪੁਲਸ ਨੂੰ ਫੋਨ ਕਰਦੇ"।

"ਉਇ ਇਹ ਫੋਨਾਂ ਸੰਗਣ ਵਾਲੀਆਂ ਗੱਲਾਂ ਨਹੀਂ। ਇਹ ਤਾਂ ਜੁੱਤੀ ਨਾਲ ਈ ਠੀਕ ਆਉਣ ਵਾਲੇ ਆ। ਨਾਲੇ ਪੁਲੀਸ ਨੂੰ ਫੋਨ ਮਾਰਨ ਦਾ ਅੱਗੇ ਕਿਹੜਾ ਕੁ ਫੈਦਾ ਹੋਇਆ। ਸਾਲੇ ਦੋ ਮਿੰਟ ਗੱਲਾਂ ਮਾਰਕੇ ਔਹ ਜਾਂਦੇ ਆ ਜੇ ਆ ਵੀ ਜਾਣ ਤਾਂ। ਨਿਆਣਿਆਂ ਨੂੰ ਤਾਂ ਉਹ ਕੁਝ ਵੀ ਕਹੂ ਕੇ ਛੱਡ ਦਿੰਦੇ ਆ"। ਹਰਨਾਮ ਸਿੰਘ ਕਹਿੰਦਾ ਹੋਇਆ ਕਿਚਨ ਵੱਲ ਜਾਂਦਾ ਬੁੜਬੁੜਾ ਰਿਹਾ ਸੀ।" ਇਹਨਾ ਦੀ ਪੀ ਨੂੰ ਕਤੀੜੂ ਦੀ ਕਿਵੇਂ ਜੀਣਾ ਹਰਾਮ ਕੀਤਾ ਉਇ ਇਹਨਾਂ"।

ਕਿਚਨ ਵਿੱਚ ਜਾ ਕੇ ਉਹਨੇ ਇੱਕ ਪੁਰਾਣੇ ਜਿਹੇ ਗੱਤੇ ਤੇ ਲਿਖਿਆ ਪੁਲੀਸ ਵਾਲਿਆਂ ਦਾ ਫੋਨ ਪੜ੍ਹਿਆ ਤੇ ਫੋਨ ਕਰਨ ਲੱਗਾ। ਅੱਗਿਓਂ ਇੱਕ ਥੱਕੀ ਜਿਹੀ ਆਵਾਜ਼ ਆਈ।

ਹਰਨਾਮ ਸਿੰਘ ਦਾ ਨਾਂ ਤੇ ਪਤਾ ਪੁੱਛ ਕੇ ਛੇਤੀ ਮਦਦ ਭੇਜਣ ਦਾ ਕਹਿ ਕੇ ਫੋਨ ਬੰਦ ਕਰ ਦਿੱਤਾ।

ਦਇਆ ਕੌਰ ਨੇ ਕਿਚਨ ਦੀ ਤਾਕੀ ਦਾ ਪਰਦਾ ਹੱਥ ਨਾਲ ਪਰਾਂਹ ਹਟਾ ਕੇ ਬਾਹਰ ਵੇਖਿਆ। ਸੜਕ ਚੌਂਕੀਆਂ ਦੇ ਚਾਨਣ ਵਿੱਚ ਖੂਬ ਸੁੱਤੀ ਪਈ ਸੀ। ਕੋਈ ਵੀ ਆਂਢੀ ਗੁਆਂਢੀ ਉਹਨਾਂ ਦੇ ਭੱਜੇ ਸ਼ੀਸ਼ਿਆਂ ਦਾ ਖੜਾਕ ਸੁਣ ਕੇ ਬਾਹਰ ਨਹੀਂ ਸੀ ਆਇਆ। ਪੱਥਰ ਮਾਰਨ ਵਾਲੇ ਮੁੰਡੇ ਹੁਣ ਤੱਕ ਕਦੋਂ ਦੇ ਦੌੜ ਗਏ ਸਨ। ਦਇਆ ਕੌਰ ਨੂੰ ਉਥੇ ਖੜੀ ਨੂੰ ਇੱਕ ਪਲ ਪਿੰਡ ਦੀ ਯਾਦ ਆ ਗਈ- ਜੇ ਕਿਸੇ ਦੇ ਕੋਠਾ ਵੀ ਲੱਗ ਜਾਂਦਾ ਤਾਂ ਸਾਰੀ ਗਲੀ ਇਕੱਠੀ ਹੋ ਜਾਂਦੀ। ਉਹਨੂੰ ਆਪਣੀ ਸੋਚ ਸੁਪਨੇ ਵਰਗੀ ਜਾਪੀ। ਪਿੰਡ ਛੱਡੇ ਨੂੰ ਤਾਂ ਉਹਨੂੰ ਵੀਹ ਵਰ੍ਹੇ ਬੀਤ ਗਏ ਸਨ। ਇਸ ਸਟਰੀਟ ਉਪਰ ਵੀ ਕੁ ਘਰ ਛੱਡ ਕੇ ਉਹਨਾਂ ਨਾਲ ਗੂੜ੍ਹੀ ਸਾਂਝ ਰੱਖਣ ਵਾਲੇ ਸਿਆਣੀ ਉਮਰ ਦੇ ਗੋਰਾ ਤੇ ਗੋਰੀ ਰਹਿੰਦੇ ਸਨ। ਉਹ ਵੈਸੇ ਵੀ ਇਹਨਾਂ ਨਾਲ ਬੜਾ ਪਿਆਰ ਜਤਾਉਂਦੇ। ਇਹ ਵੀ ਉਹਨਾਂ ਨਾਲ ਆਪਣਿਆਂ ਵਾਂਗ ਪੇਸ਼ ਆਉਂਦੇ। ਪਰ ਫੇਰ ਕੁ ਸਾਲ ਪਹਿਲਾਂ ਗੋਰਾ ਜੌਰਜ ਅਚਾਨਕ ਦਿਲ ਦੇ ਦੌਰੇ ਨਾਲ ਮਰ ਗਿਆ ਤੇ ਉਹਦੀ ਵਾਈਫ਼ ਮਾਰਥਾ ਕਰੀਮ ਤੋਂ ਘਰ ਦੀ ਦੇਖ-ਭਾਲ ਨਹੀਂ ਸੀ ਕਰ ਹੁੰਦੀ। ਉਹ ਵੀ ਇਕੱਲੀ ਘਰ ਵੇਚ ਕੇ ਸ਼ਹਿਰ ਦੇ ਇਕ ਅਪਾਰਟਮੈਂਟ ਵਿੱਚ ਮੂਵ ਹੋ ਗਈ। ਉਸ ਤੋਂ ਬਾਦ ਇਹਨਾਂ ਲਈ ਇਹ ਸਟਰੀਟ ਬੜੀ ਬੇਗਾਨੀ ਜਿਹੀ ਹੋ ਗਈ ਸੀ।

ਦਇਆ ਕੌਰ ਵੀ ਕਿਚਨ ਵਿਚੋਂ ਬਾਹਰ ਵਾਲੇ ਕਮਰੇ ਵਿੱਚ ਆ ਗਈ ਜਿਥੇ ਹਰਨਾਮ ਸਿੰਘ ਖੜ੍ਹਾ ਕਮਰੇ ਦੀ ਫਰਸ਼ ਉਪਰ ਤੇ ਸੋਫੇ ਉਪਰ ਪਏ ਸ਼ੀਸ਼ੇ ਦੇ ਟੁਕੜਿਆਂ ਨੂੰ ਘੂਰ ਰਿਹਾ ਸੀ। ਹਰਨਾਮ ਸਿੰਘ ਫੇਰ ਮੁੜ ਕੇ ਕਿਚਨ ਵਿੱਚ ਚਲਾ ਗਿਆ ਤੇ ਉਹ ਵੀ ਉਸੇ ਤਾਕੀ ਦਾ ਪਰਦਾ ਪਰਾਂਹ ਹਟਾ ਕੇ ਬਾਹਰ ਸੜਕ ਵੱਲ ਵੇਖਣ ਲੱਗਾ। ਉਹਨੂੰ ਪਤਾ ਸੀ ਕਿ ਪੱਥਰ ਮਾਰਨ ਵਾਲੇ ਮੁੰਡੇ ਤਾਂ ਕਦੋਂ ਦੇ ਭੱਜ ਗਏ ਹੋਣਗੇ। ਪਰ ਉਹ ਫੇਰ ਵੀ ਉਸੇ ਤਰ੍ਹਾਂ ਹੀ ਪਲ ਕੁ ਚੁੱਪ ਚਾਪ ਖੜ੍ਹਾ ਸੜਕ ਵੱਲ ਘੂਰਦਾ ਰਿਹਾ। ਉਹ ਵਾਪਸ ਬਾਹਰ ਵਾਲੇ ਕਮਰੇ ਵਿੱਚ ਆ ਗਿਆ ਤੇ ਘਸ ਕੇ ਪਾਟ ਚੁੱਕੀ ਸੋਫੇ ਨਾਲ ਦੀ ਵੱਡੀ ਕੁਰਸੀ 'ਤੇ ਬੈਠ ਗਿਆ।

ਦਇਆ ਕੌਰ ਤੋਂ ਚੁੱਪ ਸਹਾਰੀ ਨਹੀਂ ਸੀ ਜਾਂਦੀ ਤੇ ਉਹ ਬੁੜ ਬੁੜ ਕਰਨ ਲੱਗ ਪਈ, "ਪਈ ਪਵੇ ਮੌਤ ਪੈਇਓ ਹੱਥ ਟੁੱਟਣ ਹੀ ਚੁੱਕੇ ਰੁੜ੍ਹ ਜਾਣੇ ਇਹੋ ਜਿਹਾਂ ਨੂੰ, ਸਾਡੇ ਸ਼ੀਸ਼ਿਆਂ ਨਾਲ ਤਰਾਰਾ ਕੀ ਵੈਰ ਆ। ਦਸ ਸਾਲ ਹੋ ਗਏ ਇਥੇ ਗੋਰਿਆਂ ਨੂੰ ਕਦੀ ਕਿਸੇ ਨੂੰ ਅੱਖੀ ਨਾ..!" ਹਰਨਾਮ ਸਿੰਘ ਉਸਦੀ ਗੱਲ ਨੂੰ ਵਿਚੋਂ ਕਟਦਾ ਹੋਇਆ ਖਿਝ ਕੇ ਬੋਲਿਆ, "ਜੀਂਦੇ ਨਾਂ ਜਿਹ ਥਾਈਂ ਜਾਇਆ ਕਰ ਦਬੂ ਦਾ। ਦਸ ਸਾਲ ਹੋ ਗਏ ਇਹਨੂੰ..... ਉਹਨਾਂ ਸਾਲਿਆਂ ਬਾਂਦਰਾਂ ਨੂੰ ਕੀ ਪਤਾ... ਬੀਅਰ ਦਾ ਘੁੱਟ ਪੀ ਕੇ ਮੈਂਟਲ ਸਾਲਿਆਂ ਵਾਲਿਆਂ ਤੇ ਤੁਰ ਪੈਂਦੇ ਆ - ਨਾਲੇ ਜਦੋਂ ਕਿਸੇ ਦਾ ਡਰ ਨਾ ਹੋਵੇ ਤਾਂ ਏਦਾਂ ਸ਼ਰੀਰ ਬਾਮਜਦੀ ਹੁੰਦੀ ਆ।"

"ਨਾਂ ਬੀਅਰ ਹੁਣ ਕੋਈ ਨਵੀਂ ਆ ਗਈ, ਅੱਗੇ ਨਾਂ ਕਦੇ ਕਿਸੇ ਸਾਡੇ ਸ਼ੀਸ਼ੇ ਭੰਨੇ - ਅੱਗੇ ਤਾਂ ਇਹੋ ਜਿਹੀ ਕਦੀ ਨੀਂ ਸੀ ਸੁਣੀ - ਖਬਰਿਆ ਕੀ ਹੋਈ ਜਾਂਦਾ ਇੰਨੀ ਆ ਜ਼ਮਾਨੇ ਨੂੰ ਹੁਣ ਤਾਂ!"... ਦਇਆ ਕੌਰ ਨੇਂ ਵੀ ਖਿਝ ਕੇ ਨਿਹੋਰੇ 'ਚ ਹਰਨਾਮ ਸਿੰਘ ਦੀ ਗੱਲ ਦਾ ਮੋੜ ਦਿੱਤਾ।

ਹਰਨਾਮ ਸਿੰਘ ਉੱਠ ਕੇ ਇੱਕ ਵਾਰੀ ਫੇਰ ਤਾਕੀ ਵੱਲ ਗਿਆ ਤੇ ਪੁਲੀਸ ਨੂੰ ਗਾਲ੍ਹਾਂ ਕੱਢਦਾ ਮੁੜ ਆਇਆ - "ਇਹ ਸਾਲੇ ਪੁਲੀਸ ਵਾਲੇ ਵੀ ਕੈਸ ਆਦਮੀ ਦੇ ਸਾਰ ਆ - ਸਹੁਰੀ ਨਾਲ ਆਉਣਗੇ।"

"ਉਹ ਵਿਚਾਰੇ ਵੀ ਕੀ ਕਰਨ- ਖਬਰਿਆ ਕਿੰਨੀ ਥਾਂਈ ਜਾਣਾ ਪੈਂਦਾ ਹੋਊ ਉਹਨਾਂ ਨੂੰ" ਦਇਆ ਕੌਰ ਤੋਂ ਬੋਲਣੋਂ ਨਾ ਰਿਹਾ ਗਿਆ।

"ਉਹ ਤੇ ਚੰਗੀ ਤਰ੍ਹਾਂ ਕਰ ਦੇਣਗੇ ਪੁਲੀਸ ਰਿਪੋਰਟ ਹਮਦਰਦੇ" ਹਰਨਾਮ ਸਿੰਘ ਨੇ ਉਹਨੂੰ ਚੁੱਪ ਕਰਾਉਣ ਲਈ ਝਿੜਕਿਆ। ਹਰਨਾਮ ਸਿੰਘ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕੀ ਕਰੇ। ਜੇ ਦਇਆ ਕੌਰ ਚੁੱਪ ਕਰ ਜਾਂਦੀ ਤਾਂ ਉਹਨੇ ਖੁਦ ਕੁਝ ਕਹਿਣਾ ਸ਼ੁਰੂ ਕਰ ਦੇਣਾ ਸੀ ਕਿਉਂਕਿ ਚੁੱਪ ਤਾਂ ਉਹਨੂੰ ਉਦਾਂ ਵੀ ਖਾਣ ਨੂੰ ਆਉਂਦੀ ਸੀ ਪਰ ਜਦੋਂ ਵੀ ਦਇਆ ਕੌਰ ਕੁਝ ਕਹਿੰਦੀ, ਉਹ ਖਿਝ ਕੇ ਉਹਨੂੰ ਚੁੱਪ ਕਰਨ ਲਈ ਕਹਿੰਦਾ।

ਦਇਆ ਕੌਰ ਹੋਰ ਕੁ ਪਲ ਚੁੱਪ ਰਹਿਣ ਮਗਰੋਂ ਫਿਰ ਬੋਲੀ, "ਮੈਂ ਕਿਹਾ ਦੇਵ ਨੂੰ ਵੀ ਫੋਨ ਕਰ ਦਿਓ..." ਹਰਨਾਮ ਸਿੰਘ ਨੇ ਫੇਰ ਉਹਦੀ ਗੱਲ ਨੂੰ ਵਿਚੋਂ ਕਟਦਿਆਂ ਕਿਹਾ, "ਦੇਵ ਇਥੇ ਆ ਕੇ ਕੀ ਕਰੂਗਾ ਅੱਧੀ ਰਾਤੀਂ - ਨਾਲੇ ਸਵੇਰੇ ਕੰਮ ਤੇ ਜਾਣੈ ਉਹਨੇ" ਹਰਨਾਮ ਸਿੰਘ ਇਨਾਂ ਕਹਿ ਕੇ ਫੇਰ ਚੁੱਪ ਕਰ ਗਿਆ ਤੇ ਸੋਚੀਂ ਪੈ ਗਿਆ। ਪਰ ਦਇਆ ਕੌਰ ਕੋਲੋਂ ਤਾਂ ਜਿਵੇਂ ਖਮੋਸ਼ੀ ਸਹਾਰੀ ਨਹੀਂ ਸੀ ਜਾਂਦੀ। ਉਹ ਫਿਰ ਆਪਣੇ ਅੰਦਰ ਦੀ ਗੁਬਾਰ ਕੱਢਣ ਲੱਗੀ, "ਮੈਂ ਤਾਂ ਕਹਿੰਦੀ ਆਂ ਜਦੋਂ ਦੀਆਂ ਆਹ ਏਸ਼ੀਅਨ ਲੋਕਾਂ ਦੀਆਂ ਨਿਊਜ਼ ਰਿਪੋਰਟ ਆਏ ਆ ਇਹਨਾਂ ਨੇ ਪਤਾ ਨੀ ਕੀ ਕਰ ਤਾ - ਹੁਣ ਤਾਂ ਜਿਉਣ ਨਹੀਂ ਦਿੰਦੇ ਆ - ਨਹੀਂ ਤਾਂ ਅੱਗੇ ਵੀ ਗੋਰੇ ਇਥੇ ਹੀ ਸੀਗੇ - ਅੱਖ ਚੁੱਕ ਕੇ ਨਹੀਂ ਸੀ ਵੇਖਦੇ। ਮੈਂ ਤਾਂ ਕਹਿੰਦੀ ਆਂ ਇਹ ਜਿਹੜੀ ਨਵੀਂ ਸਰੀਰ ਏਸ਼ੀਅਨ ਆਈ ਆ ਏਹੋ ਪਹਿਲਾਂ ਇੰਡੀਆ ਛੱਡਦੀ ਆ ਫੇਰ ਗੋਰੇ ਇਥੇ ਵਿਚ ਹੋਏ ਸਾਡੇ ਆਦਮੀਆਂ 'ਤੇ ਵੀ ਗੁੱਸਾ ਕੱਢਦੇ ਆ" ਦਇਆ ਕੌਰ ਇਸ ਮੁਸੀਬਤ ਦਾ ਆਪਣੀ ਵੱਲੋਂ ਕਾਰਨ ਦੱਸ ਰਹੀ ਸੀ।

ਹਰਨਾਮ ਸਿੰਘ ਵੀ ਬੈਠਾ ਸੋਚ ਰਿਹਾ ਸੀ ਕਿ ਇਹ ਸਭ ਆਖਰ ਹੈ ਕਿਉਂ? ਉਹਨੂੰ ਦਇਆ ਕੌਰ ਦੀ ਗੱਲ ਕਈ ਹੱਦ ਤੀਕ ਸ਼ਾਇਦ ਠੀਕ ਜਾਪਦੀ ਕਿਉਂਕਿ ਅੱਗੇ ਤਾਂ ਉਹਨਾਂ ਨਾਲ ਏਦਾਂ ਕਦੇ ਨਹੀਂ ਸੀ ਹੋਈ। ਉਹਨੂੰ ਵੀ ਇਥੇ ਆਏ ਨੂੰ ਵੀਹ ਸਾਲ ਹੋ ਗਏ ਸਨ। ਮਿੱਲਾਂ 'ਚ ਜਾਂ ਹੋਰ ਕੰਮਾਂ ਕਾਰਾਂ ਤੇ ਹੁੰਦੇ ਵਿਤਕਰੇ ਨੂੰ ਉਹਨੇ ਕਦੇ ਗੌਲਿਆ ਹੀ ਨਹੀਂ ਸੀ। ਇਸ ਤਰ੍ਹਾਂ ਦਾ ਵਿਤਕਰਾ ਕਰਨਾ ਉਹ ਗੋਰਿਆਂ ਦਾ ਹੱਕ ਸਮਝਦਾ ਸੀ। "ਅਸੀਂ ਕਈ ਚਮਾਰਾਂ ਚੂੜ੍ਹਿਆਂ ਨੂੰ ਆਪਣੇ ਕੋਲੇ ਨੇੜੇ ਨਹੀਂ ਸੀ ਆਉਣ ਦਿੰਦਾ। ਗੋਰੇ ਵੀ ਤਾਂ ਆਪਣੀ ਮਰਜ਼ੀ ਕਰ ਹੀ

ਸਕਦੇ ਆ – ਉਹ ਸ਼ੁਕਰਗੁਜ਼ਾਰ ਹੋਣ।" ਉਹ ਅਕਸਰ ਇਸ ਕਿਸਮ ਦੀ ਦਲੀਲਬਾਜ਼ੀ ਵਰਤਦਾ। ਆਪਣੇ ਆਪ ਨੂੰ ਉਹਨੇ ਕਦੀ ਗੋਰਿਆਂ ਦੇ ਬਰਾਬਰ ਨਹੀਂ ਸੀ ਸਮਝਿਆ। ਗੋਰਿਆਂ ਨੂੰ ਉਹ ਰਾਜ ਕਰਨ ਵਾਲੇ ਹੀ ਸਮਝਦਾ। ਜਦੋਂ ਦਾ ਉਹ ਏਥੇ ਆਇਆ ਸੀ ਉਹਨੇ ਤਣ ਕੇ ਮਿਲ 'ਚ ਕੰਮ ਕੀਤਾ ਸੀ ਤੇ ਇਥੇ ਵੀ ਤੇ ਪਿੰਡ ਵੀ ਵਾਹਵਾ ਗੁਜ਼ਾਰਾ ਚਲ ਰਹੀ ਸੀ। ਜਮਾਤੀ, ਆਰਥਕਤਾ ਨਸਲੀ ਵਿਤਕਰਾ ਜਾਂ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਉਹਨੇ ਕਦੀ ਸੋਚੀਆਂ ਹੀ ਨਹੀਂ ਸਨ। ਹੁਣ ਉਹਨੂੰ ਪੈਨਸ਼ਨ ਮਿਲਦੀ ਸੀ ਤੇ ਗਰਮੀਆਂ ਨੂੰ ਉਹ ਬਾਗਾਂ 'ਚ ਥੋੜ੍ਹਾ ਬਹੁਤਾ ਕੰਮ ਵੀ ਦਇਆ ਕੌਰ ਦੇ ਨਾਂ ਤੇ ਕਰ ਲੈਂਦਾ ਸੀ ਤੇ ਬਾਹਰਾ ਇਨ ਕਦੀ ਹੋਣੀ ਜਾਂਦੀ ਸੀ। ਉਹ ਕਹਿੰਦੇ ਸੀ ਕੇ ਏਨੇ ਰੱਬ ਦਾ ਨਾਂ ਲੈਂਦੇ ਨਾਂ ਕਿਸੇ ਨਾਲ ਵਾਧੂ ਧਾੜ੍ਹ ਕਰਦੇ ਨਾਂ ਲੜਾਉਂਦੇ। ਪਰ ਹੁਣ ਜਦੋਂ ਤੋਂ ਉਹਨਾਂ ਦੇ ਘਰ ਦੇ ਸ਼ੀਸ਼ੇ ਟੁੱਟਣ ਦਾ ਚੱਕਰ ਸ਼ੁਰੂ ਹੋਇਆ ਹੈ ਉਹ ਅਕਸਰ ਸੋਚਦਾ ਕਿ ਕੀ ਹਰਦਾ ਪਈ ਇਹ ਸਭ ਕੁੱਝ ਕਿਉਂ ਹੁੰਦਾ ਹੈ। ਉਸਨੂੰ ਇਸ ਗੱਲ ਦੀ ਸਮਝ ਨਹੀਂ ਸੀ ਆਉਂਦੀ ਪਈ ਇਹ ਗੁਆਂਢੀਆਂ ਹਮਾਤੜਾਂ ਨੂੰ ਕਿਉਂ ਤੰਗ ਕਰਦੇ ਆਂ।

ਪਿਛਲੀ ਵਾਰੀ ਜਦੋਂ ਉਹਨਾਂ ਦੇ ਘਰ ਦੇ ਸ਼ੀਸ਼ੇ ਟੁੱਟੇ ਸਨ ਤਾਂ ਕੁੱਝ ਪੰਜਾਬੀ ਗੁਆਂਢਣ ਉਹਨਾਂ ਕੋਲ ਆਏ ਸਨ। ਉਹ ਕਿਹੜੇ ਜਿਹ ਹਰਨਾਮ ਸਿੰਘ ਨਾਲ ਨਸਲੀ ਵਿਤਕਰੇ ਦੀਆਂ ਜਮਾਤੀ ਦੀਆਂ, ਆਰਥਿਕ ਢਾਂਚੇ 'ਚ ਆਉਂਦੇ ਉਤਰਾਂਵਾਂ ਚੜ੍ਹਾਵਾਂ ਦੀਆਂ ਗੱਲਾਂ ਕਰਦੇ ਰਹੇ ਜਿਹੜੀਆਂ ਹਰਨਾਮ ਸਿੰਘ ਨੂੰ ਕਾਫ਼ੀਆਂ ਅਜੀਬ ਲੱਗ ਰਹੀਆਂ ਸਨ। ਹਰਨਾਮ ਸਿੰਘ ਨੂੰ ਉਹਨਾਂ ਦੀ ਕੋਈ ਵੀ ਗੱਲ ਚੰਗੀ ਨਹੀਂ ਸੀ ਲੱਗੀ। ਅੰਦਰੋਂ ਉਹ ਵੀ ਦਇਆ ਕੌਰ ਵਾਂਗ ਇਹੀ ਸਮਝਦਾ ਸੀ ਕਿ ਇਹ ਸਾਰੀ ਗੜਬੜ ਨਵੇਂ ਆਏ ਵਿਦਿਆਰਥੀ ਕਰਦੇ ਹੀ ਹੈ। ਉਹਨਾਂ ਮੁੰਡਿਆਂ ਦੇ ਜਾਣ ਬਾਦ ਉਹਨੇ ਦਇਆ ਕੌਰ ਨੂੰ ਕਿਹਾ ਸੀ, "ਇਹ ਮਰੀਜ਼ ਦਾ ਸਿਰ ਵੀ ਫਿਰਾਉਣ – ਸਾਲੇ ਪੜ੍ਹਦੇ ਹੋਣੀ ਤਾਂ ਕੀ ਬਾਬਾ ਲੱਗ ਪਏ ਸਾਨੂੰ ਪੜ੍ਹਾਉਣ ਵੀ ਨਹੀਂ ਸਾਰ ਲੈਂਦੇ – ਅਖੇ ਇਹ ਨਸਲੀ ਇਕ ਗੌਰਮਿੰਟ ਦਾ ਹੱਥ ਹੁੰਦਾ ਆ – ਇਹਨਾਂ ਲੋਕਾਂ ਅਮੀਰਾਂ ਨੂੰ ਫ਼ੈਦਾ ਹੁੰਦਾ ਆ – ਅਖੇ ਸਰਕਾਰ ਤੇ ਪੁਲੀਸ ਰਲ ਕੇ ਹਮਲਿਆਂ ਦੀ ਜ਼ਿੰਮੇਵਾਰ ਆ – ਜਾਂ ਸਾਲੇ ਜਦੋਂ ਪੜ੍ਹਾਉ!"

ਹਰਨਾਮ ਸਿੰਘ ਆਪਣੀ ਸੋਚ 'ਚ ਖੁੱਭਿਆ ਬੈਠਾ ਸੀ। ਦਇਆ ਕੌਰ ਨੇ ਉਹਨੂੰ ਇੱਕ ਵੇਰਾਂ ਫੇਰ ਕਿਹਾ, "ਮੈਂ ਕਿਹਾ,– ਏਦਾਂ ਦੇ ਭਾਈਆ ਇੱਕ ਵਾਰੀ ਫੇਰ ਫੋਨ ਕਰਦੇ – ਉਹ ਤਾਂ ਪਹੁੰਚੇ ਵੀ ਨਹੀਂ।" ਹਰਨਾਮ ਸਿੰਘ ਬੁੜਬੁੜ ਕਰਦਾ ਉੱਠਿਆ ਤੇ ਇੱਕ ਵਾਰੀ ਫੇਰ ਫੋਨ ਘੁਮਾਉਣ ਲੱਗਾ। ਅਜਿਹਾਂ ਪਹਿਲਾ ਵਾਕਾ ਹੀ ਸ਼ਾਇਦ ਸੀ ਉਸ ਉਹਨਾਂ ਨੂੰ ਪਤਾ ਪਤਾ ਸੀ ਪਈ ਪੁਲੀਸ ਦੇ ਆਉਣ ਨਾਂ ਆਉਣ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ। ਜਾਂ ਤਾਂ ਟੁੱਟਾ ਸ਼ੀਸ਼ਾ ਜੁੜਨਾ ਸੀ ਤੇ ਨਾਂ ਉਹਨਾਂ ਦੇ ਅੰਦਰ ਦੀਆਂ ਤ੍ਰੇੜਾਂ ਮਿਟਣੀਆਂ ਸਨ। ਪਰ ਉਹ ਹੋਰ ਕਰ ਵੀ ਕੀ ਸਕਦੇ ਸਨ?

ਦਇਆ ਕੌਰ ਨੇ ਚੁੱਪ ਨੂੰ ਤੋੜਦੀ ਹੋਇਆ ਲੱਗਦੀ ਹੋਰ ਕਹਾਣੀ ਛੋਹ ਲਈ ਸੀ "ਕਲ੍ਹ ਜਦੋਂ ਮੈਂ ਬੈਂਕ ਨੂੰ ਗਈ ਤਾਂ ਉਥੇ ਸਾਰ ਪੁਲੀਸ ਹੀ ਪੁਲੀਸ ਤੁਰੀ ਫਿਰੇ – ਸੌਤ ਅੰਤ ਕਾਰਾਂ ਹੋਣ੍ਹਗੀਆਂ, ਬੈਂਕ ਦੇ ਅਗੇ ਦੁਆਲੇ ਖੜੀਆਂ ਵੈਨਾਂ ਕਾਰਾਂ। ਉਹਨਾਂ ਬੈਂਕ ਦੇ ਸਾਰੇ ਦਰਵਾਜ਼ੇ ਬੰਦ ਕੀਤੇ ਹੋਏ ਸਨ। ਪਸਤੌਲ ਫੜੀ ਕਈ ਪੁਲਸੀਏ ਇਧਰ ਉਧਰ ਭੱਜੇ ਫਿਰਨ। ਫੇਰ ਉਹਨਾਂ ਇੱਕ ਦਮ ਸਾਰੇ ਦਰਵਾਜ਼ੇ ਖੋਲ੍ਹ ਦਿਤੇ ਤੇ ਹੌਲੀ ਹੌਲੀ ਪੁਲਸੀਏ ਆਪੋ ਆਪਣੀਆਂ ਕਾਰਾਂ ਵੱਲ ਤੁਰ ਗਏ। ਦੋ ਤਿੰਨ ਅੰਦਰ ਸਨ੍ਹਾਂ ਉਸ ਨਾਲ ਜਿਹੜੇ ਵਾਲਾਂ ਵਾਲੀ ਪੱਗ ਬੰਨ੍ਹ ਜਿਹੀ ਕੁੜੀ ਨਾਲ ਆਰ ਧੀਰ-ਧਿਉ ਹੋਏ ਪਏ – ਹੌਲੀ ਹੌਲੀ ਗੱਲਾਂ ਕਰਨ ਤੇ ਹੱਸਣ। ਮੈਂ ਬੈਂਕ ਵਿਚ ਕਲਰਕ ਕੁੜੀ ਨੇ "ਟੈਲਰ" ਤੋਂ ਪੁੱਛਿਆ ਤਾਂ ਕਹਿੰਦੀ ਇੱਕ ਕੁੜੀ ਕੋਲੋਂ ਗਲਤੀ ਨਾਲ ਪੁਲੀਸ ਦਾ ਬਟਨ ਦਬਿਆ ਗਿਆ ਸੀ" ਹਰਨਾਮ ਸਿੰਘ ਸੋਚੀਂ ਪਿਆ ਚੁੱਪ ਚਾਪ ਬੈਠਾ ਸੀ। ਉਹਨੇ ਦਇਆ ਕੌਰ ਦੀ ਗੱਲ ਸੁਣ ਲਈ ਸੀ, ਉਹਨੂੰ ਬੜਾ ਗੁੱਸਾ ਆ ਗਿਆ ਸੀ। ਉਹ ਸੋਚ ਰਿਹਾ ਸੀ ਕਿ ਜੇ ਬੈਂਕ ਵਿੱਚ ਕਿਸੇ ਤੋਂ ਗਲਤੀ ਨਾਲ ਹੀ ਬਟਨ ਦੱਬ ਹੋ ਜਾਏ ਤਾਂ ਪੂਰੀ ਦੀ ਪੂਰੀ ਨਗਰ ਰਖਿਆਰਾਂ ਸਮੇਤ ਉਥੇ ਪਹੁੰਚ ਜਾਂਦੀ ਆ। ਪਰ ਇਥੇ ਹਮਾਤੜ ਨੂੰ ਭਾਂਵੇਂ ਕੋਈ ਮਾਰ ਜਾਏ ਲੁੱਟ ਜਾਏ ਫਿਰ ਵੀ ਸਾਲੇ ਅਸਲੀ ਨਸਲ ਦੀ ਆਉਂਦਸ। ਉਹ ਮੁੰਡੇ ਵੀ ਇਹਦਾਂ ਦੀਆਂ ਹੀ ਗੱਲਾਂ ਕਰਦੇ ਸੀ ਪਈ ਇਹ ਅਮੀਰਾਂ ਦੀ ਸਰਕਾਰ ਆਮੀਰਾਂ ਦੀ ਰਾਖੀ ਲਈ ਹੈ ਆਮ ਲੋਕਾਂ ਦੀ ਇਹਨਾਂ ਨੂੰ ਕੀ ਪਰਵਾਹ ਆ। ਦਇਆ ਕੌਰ ਦੀ ਗੱਲ ਦਾ ਉਹਨੂੰ ਮੁੰਡਿਆਂ ਦੀ ਗੱਲਬਾਤ ਨਾਲ ਕੁੱਝ ਕੁੱਝ ਸਬੰਧ ਜੁੜਦਾ ਜਾਪਿਆ। ਉਹਨੂੰ ਚੇਤਾ ਆਇਆ ਉਸ ਦਿਨ ਗਾਰਮ ਵਿੱਚ ਸਤਿੰਗ ਹੁੰਦੀ ਦੀ ਗੱਲਾਂ ਕਰਦੇ ਸੀਗੇ – ਅਖੇ ਗੁਰਦੁਆਰੇ ਵਾਲਿਆਂ ਨੇ ਦੋ ਤਿੰਨ ਗੋਰਿਆਂ ਦੇ ਫੜਕੇ ਜਿਹੜੇ ਆਉਂਦੇ ਜਾਂਦਿਆਂ ਨੂੰ ਗਾਲ੍ਹਾਂ ਕੱਢਦੇ ਸੀਗੇ – ਫੜ ਕੇ ਪੁਲੀਸ ਵਾਲਿਆਂ ਨੂੰ ਦੇ ਦਿੱਤੇ ਤੇ ਪੁਲੀਸ ਵਾਲਿਆਂ ਉਹਨਾਂ ਦੇ ਫੜਿਆਂ ਦੀ ਮੁੜ ਕੇ ਬਾਰ 'ਚੋਂ ਛੱਡ ਦਿੱਤੇ। ਉਹਨੂੰ ਇਨ੍ਹਾਂ ਸਾਰੀਆਂ ਗੱਲਾਂ ਦਾ ਆਪਸ ਵਿੱਚ ਸਬੰਧ ਜਾਪਿਆ।

ਬਾਹਰ ਬੂਹੇ ਤੇ ਹੋਈ ਠੱਕ ਠੱਕ ਨੇ ਹਰਨਾਮ ਸਿੰਘ ਦੀਆਂ ਸੋਚਾਂ ਨੂੰ ਤੋੜ ਦਿੱਤਾ ਉਹਨੇ ਉੱਠ ਕੇ ਬੂਹਾ ਖੋਲ੍ਹਿਆ। ਦੋ ਪੁਲੀਸ ਅਫ਼ਸਰ ਅੰਦਰ ਆਏ। ਉਹਨਾਂ ਨੇ ਆਪਣੇ ਹੈਟ ਲਾਹ ਕੇ ਆਪਣੇ ਹੱਥਾਂ 'ਚ ਫੜ ਲਏ। ਇੱਕ ਪੁਲਸੀਆ ਹਰਨਾਮ ਸਿੰਘ ਹੋਰਾਂ ਕੋਲੋਂ ਸਵਾਲ ਪੁੱਛਣ ਲੱਗਾ, "ਕਿੰਨੇ ਵਜੇ ਸ਼ੀਸ਼ਾ ਟੁੱਟਿਆ? ਕੌਣ ਸਨ? ਤੁਸੀਂ ਉਹਨਾਂ 'ਚੋਂ ਕਿਸੇ ਨੂੰ ਵੇਖਿਆ? ਤੁਸੀਂ ਕਿਸੇ ਨੂੰ ਜਾਣਦੇ ਹੋ? ਆਦਿ। ਨਾਲ ਨਾਲ ਸਵਾਲ ਉਹ ਆਪਣੀ ਨਿੱਕੀ ਜਿਹੀ ਕਾਪੀ ਵਿੱਚ ਕੁੱਝ ਨੋਟ ਕਰੀ ਜਾ ਰਿਹਾ ਸੀ। ਦੂਜਾ ਪੁਲਸੀਆ ਸ਼ੀਸ਼ੇ ਦੀ ਆਲੇ ਦੁਆਲੇ ਪਏ ਚੁੱਕ ਚੁੱਕ ਕੇ ਵੇਖਣ ਲੱਗ ਪਿਆ। ਕੁੱਝ ਮਿੰਟਾਂ ਵਿੱਚ ਹੀ ਉਹ ਦੋਵੇਂ ਪੁਲਸੀਏ ਆਪਣਾ ਕੰਮ ਮੁਕਾ ਕੇ ਬਾਹਰ ਨਿਕਲ ਗਏ। ਜਾਣ ਲੱਗੇ ਕਹਿ ਗਏ," ਤੁਸੀਂ ਸ਼ਹਿਰ ਇਨਸ਼ੋਰੈਂਸ ਵਾਲਿਆਂ ਨੂੰ ਫੋਨ ਕਰਕੇ ਸੀਸ਼ੇ ਪਵਾ ਲਿਉ ਤੇ ਅਸੀਂ ਸੀਸ਼ੇ ਤੋੜਨ ਵਾਲਿਆਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰਾਂਗੇ।

ਜਦੋਂ ਦੋਵੇਂ ਅਫ਼ਸਰ ਬਾਹਰ ਨਿਕਲੇ ਹਰਨਾਮ ਸਿੰਘ ਨੇ ਕਾਹਲੀ ਕਾਹਲੀ ਬੂਹਾ ਬੰਦ ਕਰ ਦਿੱਤਾ ਜਿਵੇਂ ਡਰਦਾ ਹੋਵੇ ਕਿ ਉਹ ਫੇਰ ਵਾਪਸ ਅੰਦਰ ਨਾਂ ਆ ਜਾਣ।

# ਕਲਾ ਸਮਾਜ ਤੇ ਰਾਜਨੀਤੀ

ਗੁਰਬਖ਼ਸ਼ ਜੱਸ

## ਕਲਾ ਦਾ ਮੁੱਢ ਅਤੇ ਪਿਛੋਕੜ

ਮੈਕਸਿਮ ਗੋਰਕੀ ਨੇ ਆਪਣਾ ਸਾਹਿਤਕ ਅਨੁਭਵ ਪ੍ਰਗਟ ਕਰਦਿਆਂ ਇਕ ਥਾਂ ਲਿਖਿਆ ਹੈ "ਆਦਮੀ ਦਾ ਸ਼ਿਲਪ ਭਾਵੇਂ ਕੋਈ ਵੀ ਹੋਵੇ ਉਸਨੂੰ ਇਸਦੇ ਵਿਕਾਸ ਦੇ ਇਤਿਹਾਸ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਜੇ ਕਿਸੇ ਦਸਤਕਾਰੀ ਜਾਂ ਕਾਰਖ਼ਾਨੇ ਵਿਚ ਮਜ਼ਦੂਰਾਂ ਨੂੰ ਇਹ ਪਤਾ ਲੱਗ ਜਾਵੇ ਕਿ ਕਿਵੇਂ ਇਸਦਾ ਮੁਢ ਬੱਝਾ ਤੇ ਕਿਵੇਂ ਹੌਲੀ ਹੌਲੀ ਇਹ ਅਗਾਂਹ ਵਧੀ; ਕਿਵੇਂ ਪੈਦਾਵਾਰ ਵਿਚ ਪੂਰਨਤਾ ਆਈ ਤਾਂ ਉਹ ਸੱਭਿਆਚਾਰ ਦੇ ਇਤਿਹਾਸ ਵਿਚ ਆਪਣੀ ਸ਼ਿਰਕਤ ਨੂੰ ਚੰਗੀ ਤਰ੍ਹਾਂ ਸਮਝ ਸਕਣਗੇ ਤੇ ਵਧੇਰੇ ਜੋਸ਼ ਨਾਲ ਕੰਮ ਕਰਨ ਲੱਗ ਪੈਣਗੇ।" ਇਸੇ ਲਈ ਸਾਨੂੰ ਕਲਾ ਤੇ ਕਲਾ ਦੇ ਸਮਾਜ ਨਾਲ ਰਿਸ਼ਤੇ ਦੇ ਇਤਿਹਾਸ ਨੂੰ ਜਾਣਨਾ ਬੜਾ ਜ਼ਰੂਰੀ ਹੈ। ਜੇ ਅਸੀਂ ਮਾਨਵ ਇਤਿਹਾਸ ਦੇ ਮੁਢਲੇ ਪਿਛੋਕੜ ਵੱਲ ਵੇਖੀਏ ਤਾਂ ਅਸੀਂ ਇਸ ਸਿੱਟੇ 'ਤੇ ਪੁਜਾਂਗੇ ਕਿ ਮਨੁੱਖ ਅਤੇ ਮਨੁੱਖ ਵਿਚਕਾਰ ਲੁੱਟ ਦਾ ਸਿਲਸਿਲਾ ਕਬੀਲਾ-ਪ੍ਰਧਾਨ ਯੁੱਗ ਦੀ ਸਮਾਪਤੀ ਦੇ ਨਾਲ ਗੁਲਾਮਦਾਰੀ ਯੁੱਗ ਤੋਂ ਹੀ ਸ਼ੁਰੂ ਹੋ ਗਿਆ ਸੀ। ਮਾਲਕਾਂ ਅਤੇ ਗੁਲਾਮਾਂ ਵਿਚਕਾਰ ਰਿਸ਼ਤਾ ਉਸ ਸਮੇਂ ਕਿਹੋ ਜਿਹਾ ਸੀ — ਤਾਂ ਹੀ ਸਮਝਿਆ ਜਾ ਸਕਦਾ ਹੈ ਜੇ ਅਸੀਂ ਇਤਿਹਾਸ ਦੀ ਬੁਨਿਆਦ ਨੂੰ ਸਿਧਾਂਤਕ ਤੌਰ ਤੇ ਸਮਝ ਲਈਏ। ਪਰ ਇਥੇ ਇਹ ਤੱਥ ਤਾਂ ਬਿਲਕੁਲ ਸਪਸ਼ਟ ਹੀ ਹੈ ਕਿ ਇਹ ਰਿਸ਼ਤਾ ਲੋਟੂ ਅਤੇ ਲੁਟੀਂਦੇ ਇਨਸਾਨ ਵਾਲਾ ਹੀ ਸੀ। ਸਮੁੱਚੇ ਮਾਨਵ ਇਤਿਹਾਸ ਵਿਚ ਸਮਾਜ ਦੀ ਘੱਟ ਗਿਣਤੀ ਦੀ ਇਕ ਛੋਟੀ ਜਿਹੀ ਜਮਾਤ ਸਾਰੇ ਸਮਾਜਕ ਪ੍ਰਬੰਧ ਉੱਤੇ ਕਿਸੇ ਨਾ ਕਿਸੇ ਰੂਪ ਵਿਚ ਕਾਬਜ਼ ਜ਼ਰੂਰ ਸੀ। ਇਕ ਜਮਾਤ ਹੁਕਮਰਾਨ ਰਹੀ ਅਤੇ ਦੂਸਰੀ ਉਸਦੀ ਗੁਲਾਮ। ਕਾਰਲ ਮਾਰਕਸ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਸੰਸਾਰ ਦਾ ਸੰਪੂਰਣ ਇਤਿਹਾਸ ਸਮਾਜ ਦੀਆਂ ਲੁਟੀਂਦੀਆਂ ਤੇ ਲੋਟੂ — ਦੋ ਜਮਾਤਾਂ ਦੇ ਆਪਸੀ ਸੰਘਰਸ਼ ਤੇ ਟਕਰਾਅ ਦਾ ਇਤਿਹਾਸ ਹੈ। ਇਨ੍ਹਾਂ ਦੋ ਜਮਾਤਾਂ ਦੇ ਆਪਸੀ ਸੰਘਰਸ਼ ਦਾ ਰੁਖ ਬਦਲਣ ਨਾਲ ਸਮਾਜ ਦੀਆਂ ਕਦਰਾਂ ਕੀਮਤਾਂ ਅਤੇ ਧਾਰਨਾਵਾਂ ਦਾ ਰੁੱਖ ਵੀ ਬਦਲਦਾ ਰਿਹਾ ਹੈ। ਜਦੋਂ ਅਸੀਂ ਹੁਕਮਰਾਨ ਜਮਾਤ ਅਤੇ ਜਿਸ ਜਮਾਤ 'ਤੇ ਉਹ ਰਾਜ ਕਰ ਰਹੀ ਹੁੰਦੀ ਹੈ — ਦੋਨਾਂ ਦੇ ਆਪਸੀ ਰਿਸ਼ਤਿਆਂ ਦੀ ਗੱਲ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਕਿਸੇ ਨਾ ਕਿਸੇ ਪੱਖ ਤੋਂ ਰਾਜਨੀਤੀ ਦੀ ਹੀ ਗੱਲ ਕਰ ਰਹੇ ਹੁੰਦੇ ਹਾਂ। ਮਨੁੱਖ ਅਤੇ ਮਨੁੱਖ ਵਿਚਕਾਰ ਰਿਸ਼ਤਿਆਂ ਦਾ ਮਸਲਾ ਪਹਿਲਾਂ ਸਮਾਜਕ ਸੀ ਪਰ ਹੁਣ ਸਿਆਸੀ ਬਣ ਗਿਆ ਹੈ। ਇਹ ਮਸਲਾ ਸਮਾਜਕ ਤੋਂ ਸਿਆਸੀ ਇਸ ਕਰਕੇ ਹੈ ਕਿਉਂਕਿ ਸਮਾਜਕ ਪ੍ਰਬੰਧ ਨੂੰ ਚਲਾਉਣ ਵਾਲਾ ਕੇਂਦਰੀ ਧੁਰਾ ਅੱਜ ਸਟੇਟ ਹੈ। ਮਨੁੱਖ ਅਤੇ ਮਨੁੱਖ ਵਿਚਕਾਰ ਰਿਸ਼ਤੇ ਅਜੋਕੇ ਸਥਾਪਤ ਯੁਗ ਦੀਆਂ ਪਦਾਰਥਕ ਹਾਲਤਾਂ ਤੋਂ ਪ੍ਰਭਾਵਿਤ ਹੁੰਦੇ ਰਹੇ ਹਨ। ਇਸੇ ਲਈ ਇਹ ਮਸਲਾ ਕਿਸੇ ਵੀ ਲੋਕ-ਲਿਖਾਰੀ ਜਾਂ ਕਲਾਕਾਰ ਲਈ ਸਮਝਣਾ ਅਤਿ ਜ਼ਰੂਰੀ ਹੈ। ਜਿਵੇਂ ਮਨੁੱਖੀ ਸੱਭਿਅਤਾ ਦੇ ਕਿਸੇ ਪੜਾਅ 'ਤੇ ਧਰਮ ਮਨੁੱਖ ਦੀ ਮਾਨਸਿਕ ਸੁਰੱਖਿਆ ਲਈ ਹੋਂਦ ਵਿਚ ਆਇਆ ਸੀ, ਇਸੇ ਤਰ੍ਹਾਂ ਕਲਾ ਵੀ ਮਨੁੱਖ ਦੀ ਲੋੜ ਅਤੇ ਲਾਭ ਲਈ ਸੱਭਿਅਤਾ ਦੇ ਯੁੱਗ ਵਿਚ ਹੋਂਦ ਵਿਚ ਆਈ ਸੀ। ਪੁਰਾਤਨ ਆਦਿ-ਸਮਾਜਵਾਦੀ ਯੁੱਗ ਵਿਚ ਜਦੋਂ ਮਨੁੱਖ ਆਪਣੇ ਜੀਵਨ ਨਿਰਬਾਹ ਲਈ ਜਾਨਵਰਾਂ ਦੇ ਸ਼ਿਕਾਰ ਤੇ ਨਿਰਭਰ ਕਰਦਾ ਸੀ, ਉਦੋਂ ਕਬੀਲੇ ਦੇ ਲੋਕ ਸਮੂਹਕ ਰੂਪ ਵਿਚ ਸ਼ਿਕਾਰ ਲਈ ਜੰਗਲਾਂ ਵੱਲ ਨਿਕਲਦੇ ਸਨ ਅਤੇ ਸ਼ਿਕਾਰ ਮਾਰ ਲੈਣ ਦੀ ਜਿੱਤ ਦੀ ਖੁਸ਼ੀ ਦਾ ਨੱਚਣ ਟੱਪਣ ਅਤੇ ਗਾਉਣ ਦੇ ਰੂਪ ਵਿਚ ਪ੍ਰਗਟਾਅ ਕਰਦੇ ਸਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਨੁੱਖੀ ਇਤਿਹਾਸ ਵਿਚ ਕਲਾ ਦੀ ਉਤਪਤੀ ਇਕ ਸਮਾਜਕ ਜਾਂ ਸਮੂਹ ਕਾਰਜ ਵਜੋਂ ਹੋਈ ਸੀ। ਇਵੇਂ ਕਲਾ ਜਾਂ ਸਾਹਿਤ ਦਾ ਪਿਛੋਕੜ ਮਨੁੱਖ ਦੀ ਕੁਦਰਤ ਦੇ ਸਾਧਨਾਂ ਉੱਤੇ ਜਿੱਤ ਅਤੇ ਖੁਸ਼ੀ ਦਾ ਸਵੈ-ਪ੍ਰਗਟਾਅ ਹੈ।

ਇਥੇ ਅਸੀਂ ਕਲਾ ਦਾ ਅਰਥ ਬੁਨਿਆਦੀ ਤੌਰ 'ਤੇ ਕਵਿਤਾ ਜਾਂ ਕਾਵਿ-ਸਿਰਜਣਾ ਹੀ ਲਵਾਂਗੇ। ਕਵਿਤਾ ਅਤੇ ਇਸਦੇ ਸੰਗੀਤ ਰਾਹੀਂ ਮਨੁੱਖੀ ਜਜ਼ਬਿਆਂ ਦਾ ਸੂਖਮ ਅਤੇ ਸਹਿਜ ਪ੍ਰਗਟਾਅ ਹੀ ਨਹੀਂ ਹੁੰਦਾ, ਸਗੋਂ ਇਨ੍ਹਾਂ ਜਜ਼ਬਿਆਂ ਨੂੰ ਚੇਤੰਨਤਾ ਦੀ ਸ਼ਕਤੀ ਅਤੇ ਉਭਾਰ ਵੀ ਮਿਲਦਾ ਹੈ। ਕਵਿਤਾ ਮਨੁੱਖ ਦੇ ਕਈ ਸੁੱਤੇ ਅਤੇ ਅਣਕਹੇ ਜਜ਼ਬਿਆਂ ਨੂੰ ਜ਼ੁਬਾਨ ਦਿੰਦੀ ਹੈ। ਚਿਤਰਕਾਰੀ ਦੀ ਕਲਾ ਆਮ ਮਨੁੱਖ ਦੇ ਜਜ਼ਬਿਆਂ ਨੂੰ ਇਕੋ ਪ੍ਰਬਲ ਰੂਪ ਵਿਚ ਪ੍ਰਭਾਵਿਤ ਨਹੀਂ ਕਰਦੀ ਜਿੰਨੀ ਕਿ ਸੰਗੀਤ ਦੇ ਰੂਪ ਵਿਚ ਕਵਿਤਾ। ਚਿਤਰਕਾਰੀ ਦੇ ਰੂਪ ਵਿਚ ਚਿਤਰ ਮਨੁੱਖੀ ਭਾਵਨਾਵਾਂ ਦੀ ਗੂੰਗੀ ਭਾਸ਼ਾ ਹੀ ਕਹੀ ਜਾ ਸਕਦੀ ਹੈ। ਚਿਤਰਕਾਰੀ ਮਨੁੱਖੀ ਦਿਲ ਦੀ ਧੜਕਣ ਨੂੰ ਉਸ ਰਫ਼ਤਾਰ ਨਾਲ ਪ੍ਰੇਰਣਾ ਵੀ ਨਹੀਂ ਦਿੰਦੀ, ਜਿਸ ਨਾਲ ਕਿ ਕਵਿਤਾ ਦਿੰਦੀ ਹੈ।

ਅੱਜ ਤੋਂ ਤਿੰਨ ਕੁ ਹਜ਼ਾਰ ਸਾਲ ਪਹਿਲਾਂ ਮਹਾਨ ਸਿਧਾਂਤਕਾਰ ਅਰਸਤੂ ਨੇ ਮਨੁੱਖ ਨੂੰ ਇਕ ਸਮਾਜਕ ਪ੍ਰਾਣੀ ਕਿਹਾ ਸੀ। ਪਰ ਜੇ ਅਸੀਂ ਅੱਜ ਦੇ ਸਥਾਪਤ ਸਮਾਜਕ ਢਾਂਚੇ ਅੰਦਰ ਜੀਵਨ ਦੇ ਵਰਤਾਰੇ ਵੱਲ ਝਾਤ ਮਾਰੀਏ ਤਾਂ ਮਨੁੱਖ ਕੇਵਲ ਇਕ ਸਮਾਜਕ ਪ੍ਰਾਣੀ ਹੀ ਨਹੀਂ, ਸਗੋਂ ਕੁਝ ਹੋਰ ਵੀ ਨਜ਼ਰ ਆਉਂਦਾ ਹੈ। ਅੱਜ ਦੇ ਸਥਾਪਤ ਸਮਾਜ ਦੀ ਸਟੇਟ ਤੋਂ ਬਿਨਾਂ ਕਿਸੇ ਵੀ ਪਲ ਸਾਨੂੰ ਇਹਦੀ ਆਪਣੀ ਨਿਰਲੇਪ ਜਾਂ ਸੁਤੰਤਰ ਹੋਂਦ ਵੀ ਨਜ਼ਰ ਨਹੀਂ ਆਉਂਦੀ (ਜਿਹੜੀ ਕਿ ਇਤਿਹਾਸ ਦੇ ਕਿਸੇ ਯੁੱਗ ਵਿਚ ਸੀ) ਸਟੇਟ ਦੀ ਸਿਆਸਤ ਨੇ ਰਾਜ ਸੱਤਾ ਰਾਹੀਂ ਮਨੁੱਖੀ ਜੀਵਨ ਨੂੰ ਕਦੇ ਵੀ ਇਸ ਤਰ੍ਹਾਂ ਆਪਣੇ ਘੇਰੇ ਅੰਦਰ ਨਹੀਂ ਲਿਆ ਜਿਵੇਂ ਕਿ ਹਾਲਾਤ ਅੱਜ ਬਣ ਰਹੇ ਹਨ। ਅੱਜ ਦੇ ਪੂੰਜੀਵਾਦੀ ਸਮਾਜਕ ਪ੍ਰਬੰਧ ਅੰਦਰ ਰਾਜਨੀਤੀ, ਸਟੇਟ ਦੀ ਰਾਜਸੱਤਾ ਰਾਹੀਂ ਮਨੁੱਖੀ ਜੀਵਨ 'ਤੇ ਇਤਨੀ ਭਾਰੂ ਤੇ ਪ੍ਰਬਲ ਹੋ ਗਈ ਹੈ ਕਿ ਲੱਗਦਾ ਹੈ ਜਿਵੇਂ ਮਨੁੱਖ ਸਮਾਜਕ ਪ੍ਰਾਣੀ ਤੋਂ ਸਿਆਸੀ ਜੀਵ ਬਣ ਕੇ ਰਹਿ ਗਿਆ ਹੋਵੇ। ਇਥੇ ਸੰਖੇਪ ਵਿਚ ਇਹ ਕਹਿਣਾ ਵੀ ਦਰੁਸਤ ਰਹੇਗਾ ਕਿ ਇਹ ਸਮਾਜ ਦੀ ਅਸਲੀ ਸੁਭਾਵਿਕ ਸਥਿਤੀ ਨਹੀਂ ਹੈ — ਸੰਸਾਰ ਦੇ ਇਤਿਹਾਸ ਵਿਚ ਅਨੇਕੇ ਸਮਾਜ ਹੋਏ ਹਨ, ਜਿਨ੍ਹਾਂ ਵਿਚ ਸਟੇਟ ਨਾਮੀ ਕੋਈ ਸਟੇਟ ਨਹੀਂ ਸੀ। ਜਿੱਥੇ ਰਾਜਨੀਤੀ ਸਮਾਜਕ ਜੀਵਨ ਦੇ ਤਾਣੇ ਪੇਟੇ ਨੂੰ ਸਮਝਣ ਵਿਚ ਸਹਾਇਤਾ ਕਰਦੀ ਹੈ, ਉਥੇ ਕਲਾ ਮਨੁੱਖ ਦੇ ਜਜ਼ਬਾਤਾਂ, ਕਾਮਨਾਵਾਂ ਅਤੇ ਰੁਚੀਆਂ ਦੀ ਤਰਜਮਾਨੀ ਕਰਦੀ ਹੋਈ ਇਨ੍ਹਾਂ ਨੂੰ ਸਹੀ ਸੇਧ ਦਿੰਦੀ ਹੈ। ਇਸੇ ਲਈ ਕਿਸੇ ਵੀ ਕਲਾਕਾਰ, ਲੇਖਕ ਜਾਂ ਕਵੀ ਲਈ ਕਲਾ ਨੂੰ ਠੀਕ

ਪ੍ਰਸੰਗ ਵਿਚ ਸਮਝਣ ਲਈ ਸਿਆਸਤ ਦੀ ਸਿਧਾਂਤਕ ਜਾਣਕਾਰੀ ਅਤਿ ਜ਼ਰੂਰੀ ਹੈ। ਗੋਰਕੀ ਅਨੁਸਾਰ ਲੇਖਕ ਦਾ ਦ੍ਰਿਸ਼ਟੀਕੋਣ ਇਹ ਹੋਣਾ ਚਾਹੀਦਾ ਹੈ "ਜਿਵੇਂ ਮਨੁੱਖ ਅੱਜ ਹੈ, ਉਸ ਰੂਪ ਵਿਚ ਹੀ ਨਹੀਂ, ਸਗੋਂ ਜਿਵੇਂ ਮਨੁੱਖ ਕੱਲ੍ਹ ਹੋਵੇਗਾ ਉਸ ਪੱਖੋਂ ਵੀ ਦੇਖਣਾ ਚਾਹੀਦਾ ਹੈ।"

ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਜਿਉਂ ਜਿਉਂ ਸਟੇਟ ਆਪਣੀ ਰਾਜਸੱਤਾ ਦਾ ਕਿਲ੍ਹਾ ਮਜ਼ਬੂਤ ਕਰਨ ਵੱਲ ਅੱਗੇ ਵਧੀ ਹੈ, ਤਿਉਂ ਤਿਉਂ ਇਹ ਲੋਕਾਂ ਤੋਂ ਟੁੱਟ ਕੇ ਦੂਰ ਹੁੰਦੀ ਗਈ ਹੈ। ਜਦੋਂ ਇਹ ਮਜ਼ਬੂਤ ਹੋਣ ਲਈ ਅਗਾਂਹ ਵਧੀ ਹੈ, ਇਹ ਆਮ ਲੋਕਾਂ ਦੇ ਜੀਵਨ ਤੋਂ ਨਿਖੜਕੇ ਆਪਣੇ ਹੀ ਘੇਰੇ ਅੰਦਰ ਬੰਦ ਹੁੰਦੀ ਗਈ ਹੈ। ਇਕ ਜਥੇਬੰਦੀ ਦੇ ਤੌਰ 'ਤੇ ਅੱਜ ਰਾਜਸੱਤਾ ਦੀ ਸਥਿਤੀ ਕੁਝ ਇਸ ਤਰ੍ਹਾਂ ਦੀ ਹੋ ਗਈ ਹੈ ਕਿ ਦੇਸ਼ ਦੀ ਪੇਚੀਦਾ ਮਸ਼ੀਨਰੀ ਅਤੇ ਕਾਨੂੰਨਸਾਜ਼ੀਆਂ ਦਾ ਲੋਕਾਂ ਨੂੰ ਉੱਕਾ ਹੀ ਪਤਾ ਨਹੀਂ ਲੱਗ ਰਿਹਾ। ਭਾਵੇਂ ਅਜੀਬ ਗੱਲ ਹੈ ਕਿ ਇਕ ਪਾਸੇ ਤਾਂ ਸਟੇਟ ਸਮਾਜਕ ਜੀਵਨ 'ਤੇ ਏਨਾ ਕੰਟਰੋਲ ਕਰ ਚੁੱਕੀ ਹੈ ਪਰ ਦੂਜੇ ਪਾਸੇ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਅੱਜ ਦੀ ਸਟੇਟ ਮਸ਼ੀਨਰੀ ਲੋਕਾਂ ਦੇ ਸਮਾਜਕ ਜੀਵਨ ਨਾਲੋਂ (ਇਥੇ ਗੱਲ ਆਮ ਮਿਹਨਤਕਸ਼ ਲੋਕਾਂ ਦੀ ਹੈ) ਟੁੱਟ ਕੇ ਆਪਣੀ ਇਕ ਸਵੈ-ਕੇਂਦਰਤ 'ਸੁਤੰਤਰ' ਹੋਂਦ ਕਾਇਮ ਕਰ ਚੁੱਕੀ ਹੈ। ਇਥੇ ਅੱਜ ਆਮ ਲੋਕ ਤਾਂ ਕੀ ਉੱਚ ਪੱਧਰ ਦੀ ਪੜ੍ਹੀ ਲਿਖੀ ਸ਼੍ਰੇਣੀ ਨੂੰ ਵੀ ਅੱਜ ਦੇ ਅਰਧ-ਪੂੰਜੀਵਾਦੀ ਅਤੇ ਅਰਧ-ਜਗੀਰੂ ਸਮਾਜਕ ਢਾਂਚੇ ਦੇ ਪੂਰੇ ਰੋਲ ਅਤੇ ਖੇਲ ਦੀ ਸਮਝ ਨਹੀਂ ਆ ਰਹੀ। ਅਜੇਹੀ ਉਲਝੀ ਸਮਾਜਕ ਸਥਿਤੀ ਅੰਦਰ ਇਕ ਕਲਾਕਾਰ ਅਤੇ ਲੇਖਕ ਦਾ ਕੰਮ ਬੜੀ ਜ਼ਿੰਮੇਵਾਰੀ ਦਾ ਹੈ। ਉਸਨੂੰ ਸਾਰੇ ਸਿਆਸੀ ਅਤੇ ਆਰਥਕ ਮਸਲਿਆਂ ਨੂੰ ਸੁਚੇਤ ਰੂਪ ਵਿਚ ਸਮਝ ਕੇ ਲੋਕਾਂ ਵਿਚ ਪੇਸ਼ ਕਰਨਾ ਪਵੇਗਾ ਜਿਹੜੇ ਉਨ੍ਹਾਂ ਨੂੰ ਚੌਹਾਂ ਪਾਸਿਆਂ ਤੋਂ ਦਬੋਚ ਰਹੇ ਹਨ, ਜੋ ਉਸਨੇ ਅੱਜ ਦੇ ਸਮਾਜਕ ਪ੍ਰਬੰਧ ਨੂੰ ਬਦਲਣ ਲਈ ਕੋਈ ਇਤਿਹਾਸਕ ਰੋਲ ਅਦਾ ਕਰਨਾ ਹੈ। ਉਸਨੂੰ ਇਹ ਵੀ ਸਮਝ ਕੇ ਚੱਲਣਾ ਪਵੇਗਾ ਕਿ ਜੇ 1947 ਤੋਂ ਪਹਿਲਾਂ ਸਾਡਾ ਸਮਾਜ ਬਸਤੀਵਾਦੀ ਸਾਮਰਾਜ ਦੀ ਪੂੰਜੀਵਾਦੀ ਲੁੱਟ ਦਾ ਪੂਰਨ ਰੂਪ ਵਿਚ ਸ਼ਿਕਾਰ ਸੀ ਤਾਂ ਅੱਜ ਇਹ ਵਿਦੇਸ਼ੀ ਸਾਮਰਾਜ ਦੀਆਂ ਨਵ-ਸ਼ਕਤੀਆਂ ਦੀ ਅਰਧ-ਪੂੰਜੀਵਾਦੀ ਲੁੱਟ ਦਾ ਅਪੂਰਨ ਰੂਪ ਵਿਚ ਸ਼ਿਕਾਰ ਹੈ।

## ਸਾਡੀ ਸਮਾਜਕ ਸਥਿਤੀ ਅਤੇ ਕਲਾ ਦੇ ਰੋਲ ਪੱਖ

ਪ੍ਰਸਿੱਧ ਹਿੰਦੀ ਲੇਖਕ ਮਹੇਸ਼ਵਰੀ ਨੇ ਅੱਜ ਦੀ ਸਮਾਜਕ ਸਥਿਤੀ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ, "ਹੋਰ ਵੀ ਆਪਣੀਆਂ ਅੱਖਾਂ ਸਾਹਮਣੇ ਅਸੀਂ ਕੀ ਦੇਖ ਰਹੇ ਹਾਂ। ਜਿਹੜੇ ਲੋਕ ਪਸੀਨੇ ਨਾਲ ਅੰਨ ਉਗਾਉਂਦੇ ਹਨ, ਉਹ ਜਵਾਰ ਬਾਜਰਾ ਖਾਂਦੇ ਹਨ, ਬਾਥੂ ਅਤੇ ਆਲੂ ਪਾ ਕੇ ਪੇਟ ਭਰਨ ਦੀ ਕੋਸ਼ਿਸ਼ ਕਰਦੇ ਹਨ, ਘਾਹ ਅਤੇ ਦਰਖ਼ਤਾਂ ਦੀ ਛਿੱਲ ਖਾਂਦੇ ਹਨ, ਭੁੱਖੇ ਰਹਿੰਦੇ ਹਨ। ਜਿਹੜੇ ਲੋਕ ਹਜ਼ਾਰਾਂ ਮੀਟਰ ਟੈਰਾਲੀਨ, ਟੈਰੀਕਾਟ ਬਣਾਂਦੇ ਹਨ, ਉਹ ਫਟੇ ਹੋਏ ਕੱਪੜੇ ਪਹਿਨਦੇ ਹਨ। ਉਨ੍ਹਾਂ ਦੇ ਬੱਚੇ ਗਲੀਆਂ ਸੜਕਾਂ ਵਿਚ ਨੰਗੇ ਰਹਿੰਦੇ ਹਨ। ਜਿਨ੍ਹਾਂ ਲੋਕਾਂ ਨੇ ਹਜ਼ਾਰਾਂ ਜੋੜੇ ਜੁੱਤੀਆਂ ਸੈਂਡਲ ਬਣਾਏ ਹਨ, ਉਹ ਨੰਗੇ ਪੈਰੀਂ ਘੁੰਮਦੇ ਹਨ। ਜਿਨ੍ਹਾਂ ਲੋਕਾਂ ਨੇ ਆਪਣੇ ਹੱਥਾਂ ਨਾਲ ਖ਼ਤਰਨਾਕ ਬੀਮਾਰੀਆਂ ਨੂੰ ਖ਼ਤਮ ਕਰਨ ਵਾਲੇ ਕੈਪਸੂਲ ਅਤੇ ਟੀਕੇ ਬਣਾਏ ਹਨ, ਉਨ੍ਹਾਂ ਦੇ ਬੱਚੇ ਦਵਾ ਤੋਂ ਬਿਨਾਂ ਤੜਪ ਤੜਪ ਕੇ ਉਨ੍ਹਾਂ ਦੇ ਸਾਹਮਣੇ ਮਰ ਜਾਂਦੇ ਹਨ। ਜਿਨ੍ਹਾਂ ਨੇ ਆਪਣੇ ਜੀਵਨ ਵਿਚ ਅਨੇਕਾਂ ਕੋਠੀਆਂ ਬੰਗਲੇ ਬਣਾਏ ਹਨ, ਉਹੀ ਰਾਜ-ਮਜ਼ਦੂਰ ਜੀਵਨ ਭਰ ਝੌਂਪੜੀਆਂ ਵਿਚ ਸੜਦੇ ਰਹਿੰਦੇ ਹਨ, ਜਾਂ ਫਿਰ ਫੁੱਟਪਾਥਾਂ 'ਤੇ ਹੀ ਮਰ ਖਪ ਜਾਂਦੇ ਹਨ। ਇਕ ਪਾਸੇ ਸੁਖ ਤੇ ਖ਼ੁਸ਼ਹਾਲੀ ਹੈ, ਸਹੂਲਤਾਂ ਹਨ, ਕਰਨੇ ਲਈ ਅਨੇਕਾਂ ਵਧੀਆ ਵਧੀਆ ਚੀਜ਼ਾਂ ਹਨ, ਆਰਾਮ ਹੈ, ਸਨਮਾਨ ਹੈ; ਦੂਸਰੇ ਪਾਸੇ ਕਮਰ ਤੋੜ ਮਿਹਨਤ ਦੇ ਬਾਵਜੂਦ ਭੁੱਖ ਹੈ, ਦੁੱਖ ਹਨ, ਪ੍ਰੇਸ਼ਾਨੀਆਂ ਹਨ, ਬੇਚੈਨੀ ਹੈ, ਜ਼ਲਾਲਤ ਹੈ। ਇਕ ਪਾਸੇ ਕਾਰਾਂ, ਫਰਿੱਜ ਹਨ, ਸੁਰੱਖਿਆ ਹੈ, ਹਾਸਾ, ਖ਼ੁਸ਼ੀ ਹੈ; ਦੂਸਰੇ ਪਾਸੇ ਪੈਰਾਂ ਦੀਆਂ ਫਟੀਆਂ ਹੋਈਆਂ ਬਿਆਈਆਂ ਹਨ, ਹਿਰਾਸ ਹੈ, ਪਸੀਨਾ ਹੈ, ਹੰਝੂ ਹਨ, ਬੁਝੀਆਂ ਨਿਰਾਸ਼ ਅੱਖਾਂ ਹਨ। ਇਕ ਪਾਸੇ ਸੁਪਨਿਆਂ ਵਿਚ ਤੈਰਦੀ ਜ਼ਿੰਦਗੀ ਹੈ ਤਾਂ ਦੂਸਰੇ ਪਾਸੇ ਨਾਉਮੀਦੀ ਦੇ ਆਸਾਰ ਹਨ, ਟੁੱਟੇ ਹੋਏ ਸੁਪਨਿਆਂ ਦੇ ਖੰਡਰ ਹਨ। ਕੀ ਤੁਹਾਨੂੰ ਇਹੋ ਜਿਹੀ ਸਮਾਜਕ ਬਣਤਰ ਠੀਕ ਲੱਗਦੀ ਹੈ ਜਿਸ ਵਿਚ ਕੁਝ ਨਾ ਕਰਨ ਵਾਲਾ ਸਭ ਕੁਝ ਦਾ ਮਾਲਕ ਹੋਵੇ ਅਤੇ ਆਪਣੇ ਖ਼ੂਨ ਪਸੀਨੇ ਨਾਲ ਸਭ ਕੁਝ ਬਣਾਉਣ ਵਾਲਾ ਝੂਰਦਾ ਹੋਇਆ ਭੁੱਖ ਦਾ ਸਤਾਇਆ ਦਮ ਤੋੜ ਜਾਵੇ?"

ਗੱਲ ਸਪਸ਼ਟ ਹੈ ਕਿ ਸਮਾਜ ਦੇ ਕਿਸੇ ਵੀ ਬੁੱਧੀਜੀਵੀ ਜਾਂ ਇਨਸਾਫ਼-ਪਸੰਦ ਵਿਅਕਤੀ ਨੂੰ ਅਜੇਹਾ ਸਮਾਜਕ ਪ੍ਰਬੰਧ ਠੀਕ ਨਹੀਂ ਲੱਗ ਸਕਦਾ ਜਿਹੜਾ ਕਿ ਮਿਹਨਤ ਦੇ ਆਦਮਖੋਰ ਦਰਿੰਦਿਆਂ ਦੀ ਰਖਵਾਲੀ ਕਰਦਾ ਹੋਵੇ, ਇਨ੍ਹਾਂ ਦੀ ਦੌਲਤ ਵਿਚ ਹੀ ਹਰ ਵਾਰ ਵਾਧਾ ਕਰਦਾ ਹੋਵੇ, ਇਨ੍ਹਾਂ ਲਈ ਹੀ ਖ਼ੁਸ਼ੀਆਂ ਖੇੜੇ ਲਿਆਉਂਦਾ ਹੋਵੇ। ਲੇਖਕੋ ਅਤੇ ਕਲਾਕਾਰੋ! ਜੇ ਤੁਹਾਨੂੰ ਅਜੇਹੇ ਸਮਾਜਕ ਪ੍ਰਬੰਧ ਨਾਲ ਨਫ਼ਰਤ ਹੈ ਤਾਂ ਫਿਰ ਇਸਨੂੰ ਬੁਨਿਆਦੀ ਤੌਰ 'ਤੇ ਬਦਲਣ ਦੀ ਤਤਕਾਲ ਲੋੜ ਹੈ। ਜੇ ਅਜੇਹੇ ਪ੍ਰਬੰਧ ਨੂੰ ਬਦਲਣਾ ਹੈ ਤਾਂ ਫਿਰ ਜ਼ਰੂਰ ਹੀ ਕਵੀ ਦੀ ਕਵਿਤਾ, ਲੇਖਕ ਦੀ ਰਚਨਾ ਅਤੇ ਚਿਤਰਕਾਰ ਦੇ ਚਿਤਰ ਨੂੰ ਸਮਾਜਕ ਕ੍ਰਾਂਤੀ ਲਈ ਹਥਿਆਰ ਬਣਨਾ ਪਵੇਗਾ। ਇਥੇ ਉਨ੍ਹਾਂ ਲੋਕਾਂ ਲਈ ਇਹ ਵਿਸ਼ੇਸ਼ ਤੌਰ ਤੇ ਸੋਚਣਾ ਪਵੇਗਾ ਜਿਹੜੇ ਕਵੀ ਜਾਂ ਲੇਖਕ ਨੂੰ ਇਸ ਸਾਰੇ-ਸਮਾਜ ਨਾਲੋਂ ਕੋਈ ਅਲੱਗ ਜਾਂ ਵਿਲੱਖਣ ਜੀਵ ਸਮਝਦੇ ਹਨ। ਕਵੀ ਜਾਂ ਕਲਾਕਾਰ ਦੀ ਇਸ ਪਦਾਰਥਵਾਦੀ ਸੰਸਾਰ ਨਾਲੋਂ ਅਲੱਗ ਆਪਣੀ ਕੋਈ 'ਨਿਰਲੇਪ' ਦੁਨੀਆਂ ਨਹੀਂ ਹੁੰਦੀ। ਇਸ ਪ੍ਰਸੰਗ ਵਿਚ ਤੁਰਕੀ ਦੇ ਪ੍ਰਸਿੱਧ ਇਨਕਲਾਬੀ ਕਵੀ ਨਾਜ਼ਮ ਹਿਕਮਤ ਦੇ ਸ਼ਬਦ ਬੜੇ ਢੁਕਵੇਂ ਹਨ, "ਕਵੀ ਜਦ ਲਿਖਦਾ ਹੈ ਅਤੇ ਜਦ ਗੱਲ ਕਰਦਾ ਹੈ ਜਾਂ ਹਥਿਆਰ ਹੱਥ ਵਿਚ ਲੈਂਦਾ ਹੈ ਤਾਂ ਉਹ ਇਕ ਵਿਅਕਤੀ ਹੁੰਦਾ ਹੈ, ਕਵੀ ਕੋਈ ਅਸਮਾਨੋਂ ਨਹੀਂ ਉਤਰਿਆ ਕਿ ਉਹ ਸੰਘਰਸ਼ ਵਿਚ ਅਸਮਾਨ-ਮਹਲ ਬਣਾਉਣ ਦੇ ਸੁਪਨੇ ਦੇਖੇ। ਕਵੀ ਸਮਾਜ ਵਿਚ ਵਿਅਕਤੀ ਹੈ, ਜੀਵਨ ਨਾਲ ਇਕਮਿੱਕ - ਜੀਵਨ ਦਾ ਉਸਰਈਆ।" ਸਾਡੇ ਅੱਜ ਦੇ ਸਮਾਜ ਵਿਚ ਜਿਥੇ ਕਰੋੜਾਂ ਮਿਹਨਤਕਸ਼ ਲੋਕ ਇਸ ਸਮਾਜ ਦੀ ਉਸਾਰੀ ਵਿਚ ਜੁਟੇ ਹੋਏ ਹਨ, ਸਾਡੇ ਕੁਝ ਅਜੇਹੇ ਕਵੀ ਅਤੇ ਲੇਖਕ ਹਨ ਜਿਹੜੇ ਕੁਝ ਕਵਿਤਾਵਾਂ ਲਿਖ ਕੇ ਜਾਂ ਛੋਟੀ ਮੋਟੀ ਕਿਤਾਬ ਦੀ ਰਚਨਾ ਕਰ ਕੇ ਸਮਝਣ ਲੱਗ ਪੈਂਦੇ ਹਨ ਕਿ ਉਨ੍ਹਾਂ ਨੇ ਸਮਾਜ ਦੀ ਉਸਾਰੀ ਲਈ ਬੜਾ ਮਹਾਨ ਕੰਮ ਕਰ ਲਿਆ ਹੈ। ਅਜੇਹੇ ਗਲਤ ਰੁਝਾਨ ਦਾ ਇਕੋ ਇਕ ਮੁੱਖ ਕਾਰਨ ਇਹ ਹੁੰਦਾ ਹੈ ਕਿ ਉਹ ਸਮਾਜ ਵਿਚ ਚਲਦੀਆਂ ਹੋਈਆਂ ਇਨਕਲਾਬੀ ਅਤੇ ਜਮਹੂਰੀ ਲਹਿਰਾਂ ਨਾਲ ਕਦੇ ਵੀ

 ਇਕ-ਸੁਰ ਨਹੀਂ ਹੋਏ ਹੁੰਦੇ। ਜਾਂ ਫਿਰ ਇਹ ਵੀ ਇਕ ਕਾਰਨ ਹੈ ਕਿ ਉਹ ਸਭ ਕੁਝ ਜਾਣਦੇ ਹੋਏ ਵੀ ਪ੍ਰੋਲੇਤਾਰੀ ਜਮਾਤ ਦੇ ਸੰਘਰਸ਼ਾਂ ਨਾਲੋਂ ਨਿੱਖੜੇ ਹੋਏ ਹੁੰਦੇ ਹਨ। ਅਜੇਹੇ ਲੇਖਕ ਅਤੇ ਕਲਾਕਾਰ ਆਪਣੀ ਪੇਤਲੀ ਜਿਹੀ ਸਮਝ ਦੇ ਪੈਮਾਨੇ 'ਤੇ ਹੀ ਆਪਣੀ ਸਾਹਿਤਕ ਪ੍ਰਾਪਤੀ ਅਤੇ ਸਿਰਜਣਾ ਦਾ ਮੁਲੰਕਣ ਕਰਨ ਦਾ ਸ਼ਿਕਾਰ ਹਨ। ਇਕ ਹੋਰ ਕਾਰਨ ਇਹ ਵੀ ਹੈ ਕਿ ਉਨ੍ਹਾਂ ਨੇ ਅਜੇ ਤੱਕ ਸੰਸਾਰ ਦੇ ਇਤਿਹਾਸ ਨੂੰ ਸਿਧਾਂਤਕ ਤੌਰ 'ਤੇ ਸਮਝਣ ਦੀ ਚੇਸ਼ਟਾ ਹੀ ਨਹੀਂ ਕੀਤੀ।

ਸੰਸਾਰ ਵਿਚ ਕਲਾ ਦੀ ਪਰਿਭਾਸ਼ਾ ਅਤੇ ਅਰਥ ਭੌਤਿਕ ਅਤੇ ਸਮਾਜਕ ਪ੍ਰਸਥਿਤੀਆਂ ਅਨੁਸਾਰ ਬਦਲਦੇ ਰਹੇ ਹਨ। ਫਰਾਂਸ ਵਿਚ ਇਨਕਲਾਬ ਤੋਂ ਪਹਿਲਾਂ 'ਕਲਾ ਲਈ ਕਲਾ' ਦਾ ਰੁਝਾਨ ਆਪਣੇ ਪੂਰੇ ਜੋਬਨ 'ਤੇ ਸੀ। ਉਦੋਂ ਕਲਾ ਕੇਵਲ ਨਿਜੀ ਆਜ਼ਾਦੀ ਦਾ ਸਾਧਨ ਬਣ ਕੇ ਰਹਿ ਗਈ ਸੀ। ਫਰਾਂਸ ਵਿਚ ਉਸ ਯੁੱਗ ਦੇ 'ਕਲਾ ਲਈ ਕਲਾ' ਦੇ ਉਪਾਸ਼ਕਾਂ ਵਿਚੋਂ ਉਦੋਂ ਦੇ ਪ੍ਰਮੁੱਖ ਨਾਵਲਕਾਰਾਂ ਥਿਉਫਾਇਲ ਗੌਤੀਏਰ ਨੇ ਇਸੇ ਹੀ ਪ੍ਰਭਾਵ ਹੇਠ ਕਿਹਾ ਸੀ ਕਿ "ਰੈਫ਼ੇਲ (ਇਟਲੀ ਦੇ ਚਿਤਰਕਾਰ) ਦੇ ਬਣਾਏ ਪ੍ਰਮਾਣਿਕ ਚਿਤਰ ਜਾਂ ਕਿਸੇ ਸੁੰਦਰ ਇਸਤਰੀ ਨੂੰ ਨਗਨ ਰੂਪ ਵਿਚ ਦੇਖਣ ਦੀ ਖਾਤਰ ਜੇ ਮੈਨੂੰ ਫਰਾਂਸ ਦਾ ਵਸਨੀਕ ਜਾਂ ਨਾਗਰਿਕ ਹੋਣ ਦੇ ਹੱਕ ਤਿਆਗਣੇ ਦੀ ਪੈਣ ਤਾਂ ਮੈਂ ਖੁਸ਼ੀ ਨਾਲ ਤਿਆਗ ਦਿਆਂਗਾ।" ਕਲਾ ਦੇ ਉਪਯੋਗੀ ਪੱਖ 'ਤੇ ਵਿਅੰਗ ਕਰਦਾ ਹੋਇਆ ਉਹ ਕਹਿੰਦਾ ਹੈ, "ਮੈਂ ਤਾਂ ਉਨ੍ਹਾਂ ਵਿਚੋਂ ਇਕ ਹਾਂ ਜੋ ਫਾਲਤੂ ਨੂੰ ਹੀ ਅਸਲੀ ਮੰਨਦੇ ਹਨ। ਵਸਤਾਂ ਅਤੇ ਲੋਕਾਂ ਪ੍ਰਤੀ ਮੇਰਾ ਪਿਆਰ ਉਨਾਂ ਹੀ ਵੱਧ ਹੈ ਜਿੰਨੇ ਉਹ ਘੱਟ ਉਪਯੋਗੀ ਹਨ ਅਤੇ ਉਨ੍ਹਾਂ ਹੀ ਘੱਟ ਹੈ ਜਿੰਨੇ ਉਹ ਵੱਧ ਉਪਯੋਗੀ।" ਥੋੜੀ ਬਹੁਤ ਸੂਝ ਰੱਖਣ ਵਾਲਾ ਵਿਅਕਤੀ ਵੀ ਸਮਝ ਸਕਦਾ ਹੈ ਕਿ ਉਸ ਦੌਰ ਅੰਦਰ 'ਕਲਾ ਲਈ ਕਲਾ' ਦੇ ਉਪਾਸ਼ਕ ਕਵੀ ਅਤੇ ਲੇਖਕ ਕਿਵੇਂ ਮਾਨਸਿਕ ਉਜਾੜ ਦਾ ਸ਼ਿਕਾਰ ਹੋ ਗਏ ਸਨ। ਕਲਾ ਦੇ ਅਜੇਹੇ ਗੈਰ-ਸਿਹਤਮੰਦ ਰੁਝਾਨਾਂ ਵਿਰੁੱਧ ਉਦੋਂ ਦੇ ਹੀ ਕੁਝ ਲੋਕ-ਪੱਖੀ ਕਲਾਕਾਰਾਂ ਵਲੋਂ ਇਕ ਸਮੂਹ ਆਵਾਜ਼ ਉਠੀ ਸੀ। ਅਜੇਹੇ ਕਲਾਕਾਰਾਂ ਵਲੋਂ ਲੋਕਾਂ ਸਾਹਮਣੇ ਕਲਾ ਦਾ ਇਹ ਪੱਖ ਰੱਖਿਆ ਗਿਆ ਕਿ ਕਲਾ ਸਿਰਫ ਕਲਾ ਜਾਂ ਕਲਾਕਾਰਾਂ ਲਈ ਹੀ ਨਹੀਂ, ਬਲਕਿ ਸਿਰਫ ਕਈਆਂ ਲਈ ਹੀ ਨਹੀਂ ਸਗੋਂ ਇਸਦੇ ਇਸ ਤੋਂ ਕਿਤੇ ਉਚੇਰੇ ਉਦੇਸ਼ ਅਤੇ ਮੰਤਵ ਹਨ। ਪ੍ਰਸਿੱਧ ਰੂਸੀ ਆਲੋਚਕ ਬੇਲਿੰਸਕੀ ਨੇ ਠੀਕ ਹੀ ਕਿਹਾ ਹੈ "ਸਮਾਜ ਦਾ ਸਭ ਤੋਂ ਸੁੱਚਾ ਹਿਤ ਉਸਦੀ ਆਪਣੀ ਭਲਾਈ ਹੈ। ਇਹ ਭਲਾਈ ਸਮਾਜ ਦੇ ਸਾਰੇ ਜੀਆਂ ਤੱਕ ਇਕੋ ਜਿਹੀ ਪਹੁੰਚਣੀ ਚਾਹੀਦੀ ਹੈ। ਇਸ ਭਲਾਈ ਵੱਲ ਜਾਣ ਦਾ ਰਾਹ ਹੈ- ਚੇਤੰਨਤਾ, ਪਰ ਇਹ ਕਲਾ ਹੀ ਹੈ ਜੋ ਚੇਤੰਨਤਾ ਵਿਚ ਵਾਧਾ ਕਰਦੀ ਹੈ। ਇਸ ਮਾਮਲੇ ਵਿਚ ਕਲਾ ਦਾ ਮਹੱਤਵ ਵਿਗਿਆਨ ਨਾਲੋਂ ਘੱਟ ਨਹੀਂ ਹੈ।"

ਅੱਜ ਪੂੰਜੀਵਾਦੀ [illegible] ਦੇ ਫਿਲਮਾਂ ਅਤੇ ਜਨ-ਸੰਚਾਰ ਦੇ ਬਾਕੀ ਸਾਧਨਾ ਰਾਹੀਂ ਲੱਚਰਵਾਦ, ਅੰਧ-ਵਿਸ਼ਵਾਸ ਅਤੇ ਨੰਗੇਜ਼ਵਾਦ ਦੇ ਅੰਧਾ-ਧੁੰਦ ਪਰਚਾਰ ਵਿਰੁੱਧ ਕੁਝ ਲੋਕਪੱਖੀ ਬੁੱਧੀਜੀਵੀਆਂ ਵਲੋਂ ਲੋਕਾਂ ਨੂੰ ਸੁਚੇਤ ਕੀਤਾ ਜਾ ਰਿਹਾ ਹੈ। ਸਾਹਿਤ ਅਤੇ ਕਲਾ ਦਾ ਉਦੇਸ਼ ਬਿਆਨ ਕਰਦਿਆਂ ਗੋਰਕੀ ਨੇ ਠੀਕ ਹੀ ਕਿਹਾ ਹੈ, "ਸਾਹਿਤ ਦਾ ਫਰਜ਼ ਹੈ ਇਨਕਲਾਬ ਲਈ ਘੋਲ ਦੀ ਸਹਾਇਤਾ ਕਰੇ। ਜਿੰਨੇ ਉੱਦਮ ਨਾਲ ਇਹ ਸਹਾਇਤਾ ਦਿਤੀ ਜਾਏਗੀ, '[illegible]' ਦਾ ਨਾਸ਼ ਉਨਾ ਹੀ ਛੇਤੀ ਅਤੇ ਸਹੀ ਹੋਵੇਗਾ।" ਇਥੇ ਇਹ ਕਥਨ ਸਾਨੂੰ ਇਹ ਵੀ ਦਰਸਾਂਦਾ ਹੈ ਕਿ ਸਮਾਜ ਨੂੰ ਬਦਲਣ ਦਾ ਕੰਮ ਅਤੇ ਰਾਹ ਕੋਈ ਆਸਾਨ ਨਹੀਂ – ਬੜਾ ਪੇਚੀਦਾ ਅਤੇ ਔਖਾ ਹੈ। ਕਲਾਕਾਰ ਤੇ ਲੇਖਕ ਦਾ ਕੰਮ ਵੀ ਆਸਾਨ ਨਹੀਂ ਹੈ ਜਿਸਨੇ ਅਜੇਹੇ ਬੀਮਾਰ ਅਤੇ ਵਿਗੜੇ ਹੋਏ ਸਮਾਜਕ ਢਾਂਚੇ ਨੂੰ ਬਦਲਣ ਲਈ ਪ੍ਰੋਲੇਤਾਰੀ ਸ਼੍ਰੇਣੀ ਦੀ ਅਗਵਾਈ ਕਰਨੀ ਹੈ। ਇਸ ਪ੍ਰਸੰਗ ਵਿਚ ਇਥੇ ਪੰਜਾਬ ਦੀ ਧਰਤੀ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਦੇ ਗੂੰਜਦੇ ਬੋਲ ਲੋਕ ਸੱਥਾਂ ਵਿਚ ਲੋਕਾਂ ਦੇ ਕਾਲਜਿਆਂ ਨੂੰ ਧੂਹ ਪਾਉਂਦੇ ਲੰਘ ਜਾਂਦੇ ਹਨ ਉਥੇ ਉਸਨੂੰ ਸਮੇਂ ਦੀ ਸਥਾਪਤੀ ਦਾ ਜੇਲਾਂ ਅਤੇ ਇੰਟੈਰੋਗੇਸ਼ਨ ਸੈਂਟਰਾਂ ਅੰਦਰ ਤਸ਼ੱਦਦ ਵੀ ਸਹਿਣਾ ਪਿਆ ਹੈ। ਇਹੀ ਕਾਰਨ ਹੈ ਕਿ ਜ਼ਿੰਦਗੀ ਦੇ ਘੋਲ ਵਿਚ ਸ਼ਿਰਕਤ ਕਰਦੇ ਹਰ ਸਖ਼ਸ਼ ਨੂੰ ਉਦਾਸੀ ਦੇ ਬੋਲ ਆਪਣੇ ਹੀ ਦੁੱਖਾਂ ਦਰਦਾਂ ਅਤੇ ਕਲੇਸ਼ਾਂ ਦੀ ਤਰਜ਼ਮਾਨੀ ਕਰਦੇ ਲੱਗਦੇ ਹਨ। ਉਦਾਸੀ ਅਜੇਹਾ ਲੋਕ ਕਵੀ ਹੈ ਜੋ ਕਿ ਪਿਛਲੇ 14-15 ਸਾਲਾਂ ਤੋਂ ਪੰਜਾਬ ਵਿਚ ਚਲਦੀਆਂ ਆ ਰਹੀਆਂ ਸਾਰੀਆਂ ਜਮਹੂਰੀ ਲਹਿਰਾਂ ਅਤੇ ਲੋਕ ਸੰਘਰਸ਼ਾਂ ਨਾਲ ਲਗਾਤਾਰ ਜੁੜਿਆ ਰਿਹਾ ਹੈ। ਉਦਾਸੀ, ਅਮਰਜੀਤ ਚੰਦਨ, ਦਰਸ਼ਨ ਖਟਕੜ, ਜੈਮਲ ਪੱਡਾ ਅਤੇ ਪਾਸ਼ ਵਰਗੇ ਹੀ ਅਜੇਹੇ ਲੋਕ ਕਵੀ ਹਨ ਜਿਨ੍ਹਾਂ ਨੇ ਜਗਦੀਸ਼ ਸਿੰਘ ਆਹਲੂਵਾਲੀਆ, ਪ੍ਰੀਤਮ ਸਿੰਘ ਪੀ.ਸੀ.ਐਸ., ਜਸਵੰਤ ਸਿੰਘ ਨੇਕੀ, ਸੁਖਪਾਲਵੀਰ ਸਿੰਘ ਹਸਰਤ, ਰਵਿੰਦਰ ਰਵੀ ਅਤੇ ਇਸ ਤਰਾਂ ਦੇ ਕਈ ਹੋਰ ਬੁਰਜੂਆ ਕਵੀਆਂ ਅਤੇ ਬੁੱਧੀਜੀਵੀਆਂ ਵਲੋਂ ਪੰਜਾਬੀ ਸਾਹਿਤ ਅਤੇ ਕਲਾ ਵਿਚ ਲਿਆਂਦੀ ਖੜੋਤ ਅਤੇ ਨਿਪੁੰਸਕਤਾ ਨੂੰ ਤੋੜਕੇ ਵਿਖਾਇਆ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਪੰਜਾਬੀ ਸਾਹਿਤ ਵਿਚ ਅਜੇ ਤੱਕ ਕਿਸੇ ਵੀ ਸਥਾਪਤ ਆਲੋਚਕ ਨੇ ਲੋਕਵਾਦੀ ਕਵਿਤਾ ਦਾ ਪੂਰੇ ਵਿਸਥਾਰ ਨਾਲ ਮੁਲੰਕਣ ਕਰਨ ਦਾ ਉਪਰਾਲਾ ਵੀ ਨਹੀਂ ਕੀਤਾ।

ਹਰ ਯੁੱਗ ਵਿਚ ਸਮਾਜ ਦੇ ਸਮੁੱਚੇ ਸੱਭਿਆਚਾਰ ਉਤੇ ਸਥਾਪਤ ਹੁਕਮਰਾਨ ਜਮਾਤ ਦਾ ਜੇ ਪੂਰਨ ਨਹੀਂ ਤਾਂ ਕਾਫੀ ਹੱਦ ਤੱਕ ਕਬਜ਼ਾ ਹੁੰਦਾ ਹੈ। ਸਥਾਪਤ ਨਿਜ਼ਾਮ ਦੀ ਬਣਤਰ ਜੇ ਪੂੰਜੀਵਾਦੀ ਹੈ ਤਾਂ ਜ਼ਾਹਰ ਹੀ ਬੁਰਜੂਆ ਸੱਭਿਆਚਾਰ ਦਾ ਪਸਾਰ ਹੋਵੇਗਾ। ਜੇ ਇਹਦੀ ਬਣਤਰ ਅਰਧ-ਜਗੀਰੂ ਹੈ ਤਾਂ ਸੁਭਾਵਿਕ ਹੀ ਹੈ ਕਿ ਸਮਾਜ ਵਿਚ ਜਗੀਰੂ ਅਤੇ ਬੁਰਜੂਆ ਮਿਲੇ ਜੁਲੇ ਸੱਭਿਆਚਾਰ ਦਾ ਪਸਾਰ ਹੋਵੇਗਾ। ਇਥੇ ਲੋਕਪੱਖੀ ਕਲਾਕਾਰਾਂ ਲਈ ਗੱਲ ਇਹ ਸਪਸ਼ਟ ਕਰਨ ਵਾਲੀ ਹੈ ਕਿ ਉਹ ਅੱਜ ਦੇ ਪੂੰਜੀਵਾਦੀ ਸੱਭਿਆਚਾਰਕ ਦੌਰ ਅੰਦਰ ਆਪਣੀਆਂ ਸਾਹਿਤਕ ਅਤੇ ਸੱਭਿਆਚਾਰਕ ਸਰਗਰਮੀਆਂ ਨੂੰ ਲੋਕਾਂ ਵਿਚ ਸਿਆਸੀ ਅਤੇ ਸਿਧਾਂਤਕ ਚੇਤਨਾ ਦੇ ਪਸਾਰ ਲਈ ਤਾਂ ਵਰਤ ਸਕਦੇ ਹਨ ਪਰ ਉਹ ਇਨ੍ਹਾਂ ਨੂੰ ਲੋਕਾਂ ਲਈ ਸੱਭਿਆਚਾਰਕ ਬਦਲ ਪੇਸ਼ ਕਰਨ ਲਈ ਕਦੇ ਨਹੀਂ ਵਰਤ ਸਕਦੇ। ਅਜੇਹੀ ਸਥਿਤੀ ਦਾ ਠੋਸ ਕਾਰਨ ਇਹ ਹੈ ਕਿ ਪੂੰਜੀਵਾਦੀ ਸਮਾਜ ਅਤੇ ਹਕੂਮਤ ਕੋਲ ਆਪਣੀ ਕਲਾ ਅਤੇ ਸਾਹਿਤ ਦਾ ਪਸਾਰ ਫੈਲਾਉਣ ਲਈ ਕਸ਼ਮੀਰ ਤੋਂ ਕੰਨਿਆਂ ਕੁਮਾਰੀ ਤੱਕ ਸਿਨੇਮਿਆਂ, ਟੈਲੀਵੀਜ਼ਨਾਂ, ਨਾਟਕ-ਘਰਾਂ, ਰੇਡੀਓ ਅਤੇ ਅਖ਼ਬਾਰ ਰਾਹੀਂ ਇਤਨੇ ਵਿਸ਼ਾਲ ਅਤੇ ਸ਼ਕਤੀਸ਼ਾਲੀ ਸਾਧਨ ਹਨ ਕਿ ਲੋਕ-ਪੱਖੀ ਕਲਾਕਾਰਾਂ ਦਾ ਪਸਾਰ ਤਾਂ ਇਨ੍ਹਾਂ ਦੇ ਮੁਕਾਬਲੇ ਵਿਚ ਖੜੋ ਹੀ ਨਹੀਂ ਸਕਦਾ। ਇਸ ਕਰਕੇ ਇਥੇ ਸਭ ਤੋਂ ਅਹਿਮ ਮਸਲਾ ਸਮਾਜਵਾਦੀ ਬੌਧਿਕ ਆਧਾਰ ਪੇਸ਼ ਕਰਨਾ ਹੈ। ਜਿੰਨੀ ਕੁ ਹੱਦ ਤੱਕ ਅਸੀਂ ਮਿਹਨਤਕਸ਼ ਲੋਕਾਂ ਵਿਚ ਲੋਕ-ਪੱਖੀ ਸਿਆਸਤ ਦਾ ਆਧਾਰ ਕਾਇਮ ਕਰਨ ਵਿਚ ਸਫਲ ਹੋ ਗਏ ਉਨੀ ਹੀ ਹੱਦ ਤੱਕ ਲੋਕਾਂ ਦੀਆਂ ਕਲਾਤਮਕ ਰੁਚੀਆਂ ਨੂੰ ਸਹੀ ਦਿਸ਼ਾ ਵੱਲ ਲੈ ਜਾਣ ਵਿਚ ਸਫਲ ਹੋ ਸਕਦੇ ਹਾਂ। ਇਸ ਲਈ ਸਾਨੂੰ ਸਭ ਤੋਂ ਪਹਿਲਾਂ ਬੁਰਜੂਆ ਸੱਭਿਆਚਾਰ ਦੇ ਬੁਨਿਆਂਧਾਰ

ਪ੍ਰਬੰਧ ਦਾ ਮੁਕਾਬਲਾ ਕਰਨ ਲਈ ਆਪਣੀਆਂ ਸੱਭਿਆਚਾਰਕ ਅਤੇ ਕਲਾਤਮਕ ਸਰਗਰਮੀਆਂ ਨੂੰ ਲੋਕਾਂ ਨੂੰ ਸਿਧਾਂਤਕ ਤੌਰ'ਤੇ 15
ਚੇਤੰਨ ਕਰਨ ਦੇ ਕੰਮ ਵਿਚ ਜੁਟਾ ਦੇਣਾ ਪਵੇਗਾ। ਉਦਾਹਰਣ ਦੇ ਤੌਰ ਤੇ ਪੰਜਾਬ ਵਿਚ ਇਹ ਸਾਫ਼ ਜ਼ਾਹਰ ਹੈ ਕਿ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸੰਚਾਲਕ ਸ: ਗੁਰਸ਼ਰਨ ਸਿੰਘ ਦੇ ਨਾਟਕਾਂ ਵਿਚ ਭਾਵੇਂ ਰਸਧਾਨ ਵਿਖਾਵਾ ਵਾਲੇ ਸਥਾਪਤ ਨਾਟਕਕਾਰ ਦੇ ਨਾਟਕਾਂ ਦੀ ਸ਼ਾਨੋ-ਸ਼ੌਕਤ ਨਹੀਂ ਹੁੰਦੀ, ਪਰ ਜਿਨ੍ਹਾਂ ਵਿਚ ਚੋਖੀ ਵਧੇਰੇ ਸਮਾਜਕ ਚੇਤਨਾ ਰੱਖਣ ਵਾਲੇ ਲੋਕ ਦੀ ਹਜ਼ਾਰਾਂ ਦੀ ਗਿਣਤੀ ਵਿਚ ਉਸਦੇ ਨਾਟਕ ਵੇਖਣ ਲਈ ਜ਼ਰੂਰ ਜਾਂਦੇ ਹਨ। ਅਸਲ ਗੱਲ ਇਹ ਹੈ ਕਿ ਅਜੇਹੇ ਸਮਾਜਵਾਦੀ ਚੇਤਨਾ ਰੱਖਣ ਵਾਲੇ ਲੋਕਾਂ ਨੂੰ ਆਪਣੇ ਜੀਵਨ ਸੰਘਰਸ਼ ਅਤੇ ਕਸ਼ਮਕਸ਼ ਦੀ ਜਿਉਂਦੀ ਜਾਗਦੀ ਪੇਸ਼ਕਾਰੀ ਵੇਖ ਕੇ ਮਾਨਸਕ ਸੰਤੁਸ਼ਟੀ ਹੀ ਨਹੀਂ ਹੁੰਦੀ, ਸਗੋਂ ਕਲਾਤਮਕ ਭੁੱਖ ਦੀ ਪੂਰਤੀ ਹੋ ਜਾਂਦੀ ਹੈ। ਅਜੇਹੇ ਸਮੇਂ ਅੰਦਰ ਲੋਕਾਂ ਦੇ ਲੱਚਰਵਾਦੀ ਸਾਹਿਤ ਅਤੇ ਲੁੱਚੇ ਗੀਤਾਂ ਦੇ ਵਧ ਰਹੇ ਰੁਝਾਨ ਨੂੰ ਤਾਂ ਹੀ ਠੱਲ੍ਹ ਪਾਈ ਜਾ ਸਕਦੀ ਹੈ ਜੇ ਲੋਕ-ਪੱਖੀ ਕਲਾਕਾਰ ਅਤੇ ਬੁੱਧੀਜੀਵੀ ਆਪਣੀ ਕਲਾ ਦੇ ਮਿਆਰ ਨੂੰ ਲਗਾਤਾਰ ਕਾਇਮ ਰੱਖਣ, ਨਹੀਂ ਤਾਂ ਪਲੈਖਾਨੋਵ ਦੇ ਇਹ ਵਿਚਾਰ ਠੀਕ ਹੀ ਸਾਬਤ ਹੋਣਗੇ, "ਜੇ ਆਦਮੀ ਨੂੰ ਅੰਨ ਨਾ ਮਿਲੇ ਤਾਂ ਉਹ ਘਾਹ ਫੂਸ ਤੇ ਹੀ ਗੁਜ਼ਾਰਾ ਕਰਨ ਲੱਗ ਪੈਂਦਾ ਹੈ।"

ਰੂਸ ਦੇ ਪ੍ਰਮੁੱਖ ਇਨਕਲਾਬੀ ਸਿਧਾਂਤਕਾਰ ਚਰਨੀਸ਼ੇਵਸਕੀ (1828-1889) ਅਨੁਸਾਰ ਕਲਾ ਸਮਾਜ ਦੀ ਉਹ ਵਿਆਖਿਆ ਹੈ, "ਜੋ ਜੀਵਨ ਦੇ ਵਰਤਾਰੇ ਉੱਤੇ ਆਪਣਾ ਫੈਸਲਾ ਸੁਣਾਏ।" ਕਲਾ ਦੀ ਪ੍ਰੀਭਾਸ਼ਾ ਅਤੇ ਮਨੋਰਥ ਨੂੰ ਵਿਆਖਿਆਣ ਸਹਿਤ ਸਮਝਣ ਲਈ ਇਸ ਮਹਾਨ ਆਲੋਚਕ ਦੇ ਇਹ ਸ਼ਬਦ ਬੜੇ ਸਾਰਥਕ ਹਨ। ਇਤਿਹਾਸ ਦੇ ਕਿਸੇ ਵਿਸ਼ੇਸ਼ ਯੁੱਗ ਵਿਚ ਕਿਹੋ ਜਿਹਾ ਸਮਾਜਕ ਪ੍ਰਬੰਧ ਸੀ – ਸਮਝਣ ਲਈ ਕਲਾ, ਵਾਰਤਕ ਤੇ ਕਵਿਤਾ ਦੇ ਰੂਪ ਵਿਚ ਇਕ ਠੋਸ ਮਾਧਿਅਮ ਰਹੀ ਹੈ। ਦੇਖੋ ਗੋਰਕੀ ਨੇ ਰੂਸ ਦੇ ਇਨਕਲਾਬ ਤੋਂ ਪਹਿਲੇ ਜਗੀਰੂ ਪ੍ਰਬੰਧ ਵਾਲੇ ਸਮਾਜਕ ਜੀਵਨ ਦੀ ਕਿੰਨੀ ਢੁਕਵੀਂ ਰੂਪ ਰੇਖਾ ਖਿੱਚੀ ਹੈ, "ਜੀਵਨ ਵਿਚ ਨਾ ਕੋਈ ਸੁਰਤਾਲ ਸੀ, ਨਾ ਹੀ ਤਰਕ। ਉਹੀ ਪੁਰਾਣਾ, ਠੰਢਾ ਅਤੇ ਅਰਥਹੀਣ ਰੂਪ ਵਟੀ ਆ ਰਿਹਾ ਸੀ। ਇਹੋ ਜਿਹੇ ਹਾਲਾਤ ਦੇ ਸਾਰੇ ਹੀ ਆਦੀ ਹੋ ਚੁੱਕੇ ਸਨ। ਕਿਸੇ ਨੂੰ ਇਹ ਵੇਖਣ ਦੀ ਵਿਹਲ ਨਹੀਂ ਸੀ ਕਿ ਇਹ ਕਿੰਨਾ ਬੇਢੰਗਾ, ਭਿਆਨਕ ਤੇ ਸੱਖਣਾ ਹੋ ਗਿਆ ਹੈ।" ਅੱਜ ਦੇ ਭਾਰਤ ਦੇ ਅਰਧ-ਜਗੀਰੂ, ਅਰਧ-ਬਸਤੀਵਾਦੀ ਸਮਾਜਕ ਜੀਵਨ ਦਾ ਵਰਤਾਰਾ ਵੀ ਇਹੋ ਜਿਹੇ ਹਾਲਾਤ ਤੋਂ ਵੱਖਰਾ ਨਹੀਂ ਲੱਗ ਰਿਹਾ। ਕਿਸੇ ਵੀ ਯੁੱਗ ਦੇ ਸਮਾਜਕ ਜੀਵਨ ਦੇ ਵਰਤਾਰੇ ਨੂੰ ਸਮਝਣਾ ਅਤੇ ਉਸਦੇ ਬਾਰੇ ਸਹੀ ਜ਼ਾਵੀਆ ਲੈਣਾ ਕਿਸੇ ਵੀ ਲੋਕ-ਪੱਖੀ ਕਲਾਕਾਰ ਅਤੇ ਲੇਖਕ ਲਈ ਹਮੇਸ਼ਾ ਬੜਾ ਅਹਿਮ ਰਿਹਾ ਹੈ। ਵਿਕਟਰ ਹਿਊਗੋ ਨੇ ਪੂੰਜੀਵਾਦੀ ਸਮਾਜਕ ਵਰਤਾਰੇ ਨੂੰ ਕਿੰਨਾ ਢੁਕਵਾਂ ਬਿਆਨ ਕੀਤਾ ਹੈ। ਥੋੜੇ ਜਿਹੇ ਸ਼ਬਦਾਂ ਵਿਚ ਹੀ ਸਾਨੂੰ ਸਮੁੱਚੇ ਸਮਾਜਕ ਜੀਵਨ ਦੀ ਝਲਕ ਮਿਲ ਜਾਂਦੀ ਹੈ। "ਮਨੁੱਖ ਨੂੰ ਖਾਣ ਦਾਣੇ ਦੇ ਸਾਧਨ ਪ੍ਰਾਪਤ ਕਰਨ ਲਈ ਆਪਣੀਆਂ ਸੂਖਮ ਸ਼ਕਤੀਆਂ ਖਰਚ ਦੇਣੀਆਂ ਪੈਂਦੀਆਂ ਹਨ। ਆਦਮੀ ਨੂੰ ਸਦਾ ਰੁਜ਼ਗਾਰ ਦੀ ਚਿੰਤਾ ਲੱਗੀ ਰਹਿੰਦੀ ਹੈ। ਇਸ ਚਿੰਤਾ ਨੇ ਮਨੁੱਖ ਨੂੰ ਕਮਜ਼ੋਰ, ਸੁਸਤ ਅਤੇ ਕਮੀਨਾ ਬਣਾ ਦਿੱਤਾ ਹੈ। ਉਸਦਾ ਸੁਭਾਅ ਗੁਲਾਮਾਂ ਵਰਗਾ ਹੋ ਗਿਆ ਹੈ। ਉਹ ਅਜੇਹਾ ਜੀਵ ਬਣ ਗਿਆ ਹੈ ਕਿ ਉਹ ਨਾ ਪਿਆਰ ਕਰਨ ਦੇ ਯੋਗ ਰਿਹਾ ਹੈ ਨਾ ਪਿਆਰਿਆ ਜਾਣ ਦੇ।" ਜਗੀਰੂ ਸਮਾਜਕ ਪ੍ਰਬੰਧ ਦੇ ਜੀਵਨ ਦਾ ਵਰਤਾਰਾ ਸਿਧਾਂਤ ਹੀ ਪੂੰਜੀਵਾਦੀ ਸਮਾਜਕ ਵਰਤਾਰੇ ਨਾਲੋਂ ਵੱਖਰਾ ਸੀ। ਕਲਾ ਨੇ ਵੀ ਕਵਿਤਾ ਅਤੇ ਵਾਰਤਕ ਦੇ ਰੂਪ ਵਿਚ ਇਨ੍ਹਾਂ ਨੂੰ ਵੱਖਰੇ ਵੱਖਰੇ ਰੂਪ ਵਿਚ ਰੂਪਮਾਨ ਕੀਤਾ ਹੈ। ਜਗੀਰੂ ਸਮਾਜਕ ਪ੍ਰਬੰਧ ਵਿਚ (ਜਿਵੇਂ ਕਿ ਪਿੰਡਾਂ ਵਿਚ ਵੱਸਦੇ ਭਾਰਤ ਦੇ 80% ਲੋਕਾਂ ਦਾ ਜੀਵਨ ਅੱਜ ਹੈ) ਸਮਾਜਕ ਜੀਵਨ ਦੇ ਵਰਤਾਰੇ ਉੱਤੇ ਵਹਿਮ ਭਰਮ ਅਤੇ ਅੰਧ-ਵਿਸ਼ਵਾਸ਼ ਹੀ ਭਾਰੂ ਹੋ ਰਹੇ ਹਨ। ਅਜੇਹਾ ਹੋਣ ਦਾ ਕਾਰਨ ਇਹ ਹੈ ਕਿਉਂਕਿ ਅਜੇਹੇ ਸਮਾਜਕ ਪ੍ਰਬੰਧ ਅੰਦਰ ਮਨੁੱਖ ਦੇ ਰੁਜ਼ਗਾਰ ਦਾ ਪ੍ਰਬੰਧ ਕਰੇ ਦੀ ਨਿਸ਼ਚਿਤ ਨਹੀਂ ਹੁੰਦਾ, ਇਸੇ ਕਰਕੇ ਜੀਵਨ ਦਾ ਢੰਗ ਵੀ ਨਿਯਮਬੱਧ ਅਤੇ ਨਿਸ਼ਚਿਤ ਨਾ ਹੋਣ ਕਰਕੇ ਮਿਹਨਤਕਸ਼ ਜਮਾਤ ਦਾ ਅਜੇਹੀਆਂ ਮਜਬੂਰੀਆਂ ਦਾ ਸ਼ਿਕਾਰ ਹੋ ਜਾਣਾ ਸੁਭਾਵਿਕ ਹੀ ਹੁੰਦਾ ਹੈ। ਸੰਤ ਰਾਮ ਉਦਾਸੀ ਦੇ ਹੇਠ ਲਿਖੇ ਗੀਤ ਵਿਚ ਸਾਡੇ ਜਗੀਰੂ ਸਮਾਜਕ ਜੀਵਨ ਦਾ ਵਰਤਾਰਾ ਕਿੰਨੇ ਢੁਕਵੇਂ ਢੰਗ ਨਾਲ ਬਿਆਨ ਕੀਤਾ ਗਿਆ ਹੈ:

"ਗਲ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲਾਂ ਵਿਚੋਂ ਨੀਰ ਵਗਿਆ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ, ਤੂੜੀ ਵਿਚੋਂ ਪੁੱਤ ਜੱਗਿਆ।

ਸਾਡੇ ਪਿੜ ਵਿਚ ਤੇਰੇ ਗਲ ਚੀਥੜੇ, ਨੀ ਮੇਲੀਏ ਜੁਆਨ ਕਣਕੇ;
ਲੰਘ ਸਾਂਗਾਂ ਦੇ ਗਹਾਈਆਂ ਵਿਚੋਂ ਨਿਕਲੇਂ, ਤੂੰ ਸੋਨੇ ਦਾ ਪਟੋਲਾ ਬਣਕੇ।

ਜਿਥੇ ਕਿਤੇ ਸਾਡੇ ਸਮਾਜਕ ਜੀਵਨ ਦਾ ਵਰਤਾਰਾ ਪੂੰਜੀਵਾਦੀ ਪੈਦਾਵਾਰੀ ਰਿਸ਼ਤਿਆਂ ਤੋਂ ਪ੍ਰਭਾਵਿਤ ਹੋਇਆ ਹੈ, ਉਥੇ ਉਦਾਸੀ ਨੇ ਸਮਕਾਲੀ ਨਿਜ਼ਾਮ, ਮਜ਼ਦੂਰ ਜਮਾਤ ਅਤੇ ਮਿਲ-ਮਾਲਕਾਂ ਦੇ ਆਪਸੀ ਰਿਸ਼ਤੇ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

"ਕਰਖਾਨਿਆਂ ਦੀਆਂ ਸੱਪਣੀਆਂ ਚਿਮਨੀਆਂ ਚੋਂ, ਸਾਡੇ ਵਲਵਲੇ ਨਿਕਲਦੇ ਧੂੰ ਬਣਕੇ,
ਅਫ਼ਸਰਸ਼ਾਹੀ ਦੀ ਕਾਰ ਦੇ ਹੇਠ ਭੁਰੇ, ਸਾਡੇ ਉਡਦੇ ਅਰਮਾਨ ਨੇ ਧੂੜ ਬਣਕੇ।"

ਅੰਤ ਵਿਚ ਕਲਾ ਤੇ ਸਮਾਜ ਦੇ ਆਪਸੀ ਰਿਸ਼ਤੇ ਦਾ ਸਹੀ ਸਹੀ ਜ਼ਾਵੀਆ ਲੈਂਦੇ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸ਼੍ਰੇਣੀ-ਵੰਡ ਸਮਾਜ ਵਿਚ ਹਰ ਕਲਾਕਾਰ ਜਾਂ ਕਵੀ ਸੁਚੇਤ ਜਾਂ ਅਚੇਤ ਤੌਰ ਤੇ ਕਿਸੇ ਇਕ ਜਮਾਤ (ਲੋਟੂ ਜਾਂ ਲੁਟੀਂਦੀ) ਦੀ ਵਿਚਾਰਧਾਰਾ ਤੋਂ ਅਵੱਸ਼ ਪ੍ਰਭਾਵਤ ਹੁੰਦਾ ਹੈ। ਅਤੇ ਉਹ ਉਸਦੇ ਨਾਲ ਹੀ ਵਫ਼ਾਦਾਰੀ ਨਿਭਾ ਸਕਦਾ ਹੈ। ਮਿਹਨਤਕਸ਼ ਨਾਲ ਪ੍ਰਤੀਬੱਧ ਲੇਖਕ, ਕਵੀ ਜਾਂ ਕਲਾਕਾਰ ਹਮੇਸ਼ਾ ਇਹ ਸਮਝਕੇ ਚਲਦਾ ਹੈ ਕਿ ਅੱਜ ਦੇ ਪੂੰਜੀਵਾਦੀ ਯੁੱਗ ਦੇ ਵਿਆਪਕ ਭ੍ਰਿਸ਼ਟਾਚਾਰ, ਲੁੱਟ ਅਤੇ ਕਮੀਨਗੀ ਨਾਲ ਲਿੱਬੜ ਰਹੇ ਸਮਾਜ ਨੂੰ ਤਾਂ ਹੀ ਬਦਲਿਆ ਜਾ ਸਕਦਾ ਹੈ ਜੇ ਪੂੰਜੀਵਾਦੀ ਸਮਾਜ ਦੀ ਰਾਖੀ ਕਰਨ ਵਾਲੀ ਸਟੇਟ (ਰਾਜਸੱਤਾ) ਦਾ ਤਹਿਸ ਨਹਿਸ ਕਰ ਕੇ ਰਾਜਸੱਤਾ ਮਿਹਨਤਕਸ਼ ਜਮਾਤ ਦੀ ਰਾਖੀ ਕਰਨ ਵਾਲੀ ਜਮਾਤ ਕੋਲ ਸੌਂਪ ਦਿੱਤੀ ਜਾਵੇ। ਜੇ ਅਸੀਂ ਇਸ ਨਿਸ਼ਾਨੇ ਤੋਂ ਹਟ ਕੇ ਕਿਤੇ ਪਗਡੰਡੀਆਂ ਵਿਚੋਂ ਹੀ ਮਸਲਿਆਂ ਦਾ ਹੱਲ ਲੱਭਣ ਵਿਚ ਭਟਕਦੇ ਰਹੇ ਤਾਂ ਸੁਰਾਜ, ਸਦਾਚਾਰ, ਸੱਚ ਤੇ ਇਨਸਾਫ਼ ਵਰਗੀਆਂ ਮਿਹਨਤਕਸ਼ ਵਰਗਾਂ ਦੀਆਂ ਕੀਮਤਾਂ ਕਦੇ ਵੀ ਅਸਲੀ ਰੂਪ ਨਹੀਂ ਧਾਰ ਸਕਣਗੀਆਂ ਅਤੇ ਇਹ ਆਦਰਸ਼ਵਾਦੀਆਂ ਅਤੇ ਅਧਿਆਤਮਵਾਦੀਆਂ ਦੇ ਮੋਹਕ ਸੁਪਨੇ ਬਣ ਕੇ ਰਹਿ ਜਾਣਗੀਆਂ। ੦ ੦ ੦

## ਜ਼ੀਰੋ-ਖੇਤਰ

(ਗੁਰਿੰਦਰ ਰਵੀ)

ਇਸ ਬਿੰਦੂ ਤੋਂ ਉਸ ਬਿੰਦੂ ਤੱਕ
ਸੁਕੜ ਗਈ ਲੋਕਾਈ
ਫਿਰ ਵੀ ਇਕ ਤੋਂ ਇਕ ਦੀ ਵਿੱਥ, ਤਾਂ
ਮਿਣਦੀ ਨਹੀਂ ਮਿਟਾਈ

ਸੂਰਜ ਕਿੰਜ ਚੰਦਰਮਾ ਬਣ ਜਾਏ
ਚੰਦਰਮਾਂ ਕਿੰਜ ਤਾਰੇ ?
ਰੰਗ, ਸੁਗੰਧ, ਰੂਪ, ਬਾਗ਼ਾਂ ਦੇ
ਫੁੱਲ ਤੋਂ ਫੁੱਲ ਵਿੱਚ ਖਾਈ !

ਸ਼ਹਿਰ, ਗਿਰਾਂ, ਤੇ ਦੇਸ਼ ਦਸੌਰੀਂ
ਪੱਥਰਾਈਆਂ ਅੱਖਾਂ ਵਿੱਚ ਸੁਫ਼ਨੇ—
ਪੱਥਰ ਚੱਟੇ, ਮੁੜ ਮੁੜ ਚੱਟੇ,
ਹਰ ਮਛਲੀ ਤ੍ਰਿਸ਼ਨਾਈ

ਇੱਕੋ ਵਕਤ ਅਗਨ ਤੇ ਬਰਖਾ,
ਇੱਕੋ ਵਕਤ ਬਰਫ਼ ਤੇ ਪਾਰਾ
ਸੱਤਾ, ਖ਼ੁਦ ਕਾਨੂੰਨ-ਰੰਗ ਦੀ—
ਮਾਨਵ ਖਾਨਾਜੰਗੀ ਲਾਈ !

ਵਾਟਾਂ ਦੇ ਮੂੰਹ ਗੋਰਖਧੰਦਾ,
ਪੈਰਾਂ ਅੱਗੇ ਕਿੰਨੇ ਅੰਗਿਆਰੇ,
ਚਿੰਤਨ ਵਿਚ ਵਿਰੋਧੀ ਖਿੱਚਾਂ
ਜ਼ੀਰੋ-ਖੇਤਰ, ਨਿਰੀ ਖਲਾਅ ਹੀ !

●

(New Aiyansh, B.C.)

## ਡਾਇਰੀ ਦੇ ਪੰਨੇ

(ਸੁਖਿੰਦਰ)

1.
ਅਸੀਂ ਸਭ
ਕਮਰੇ ਦੇ ਅੰਦਰ ਹੱਸਦੇ ਹਾਂ
ਵਿਹੜੇ ਵਿਚ ਮੋਈਆਂ ਚਿੜੀਆਂ
ਤੱਕ ਤੱਕ ਕੇ

2.
ਸਾਡੇ ਹੋਠਾਂ ਨੂੰ
ਕਿਸ ਨੇ ਖ਼ੂਨ ਛੁਹਾਇਆ ਹੈ
ਅਸੀਂ ਸਭ
ਆਦਮ ਬੋ, ਆਦਮ ਬੋ ਕਰਦੇ ਹਾਂ

3.
ਨਾਟਕ ਵਿਚ
ਔਰਤ, ਔਰਤ ਹੀ ਹੈ
ਤੇ ਵੇਸਵਾ ਵੀ

4.
ਲੱਕੜ ਦੀ ਮਛਲੀ
ਪਾਣੀ ਦੇ ਵਿੱਚ ਤਰਦੀ ਹੈ
ਇਹ ਕੈਸਾ ਸ਼ਹਿਰ ਵਪਾਰੀ ਹੈ

5.
ਇਸ ਸ਼ਹਿਰ 'ਚ
ਹਰ ਰੰਗ ਦਾ ਤੋਤਾ ਦਸਦਾ ਹੈ
ਇਸ ਸ਼ਹਿਰ 'ਚ
ਨਵੀਂ ਨਵੀਂ ਹਰਿਆਲੀ ਆਈ ਹੈ

6.
ਤਿੱਤਲੀ ਲੱਕੜ ਦੇ ਪਰਾਂ ਨਾਲ
ਫੁੱਲਾਂ ਤੇ ਬੈਠਦੀ ਹੈ
ਮੌਸਮ ਬਹਾਰ ਦਾ ਹੈ
ਤੇ ਗਰਮੀ ਕਹਿਰ ਦੀ
ਨ ਜਾਏ ਲੱਕੜ ਦੇ ਪਰ
ਮੋਮ ਵਾਂਗੂੰ ਢਲ ਜਾਣ

7.
ਰਾਹੁਲ!
ਮੇਰੇ ਪਿਆਰੇ ਬੱਚੇ
ਤੂੰ ਗੌਤਮ ਨਹੀਂ ਬਣਨਾ
ਉਹ ਤਾਂ ਕਾਗ਼ਜ਼ ਦੇ ਫੁੱਲਾਂ ਦਾ ਬੁੱਤ ਹੈ

8.
ਵਾਲਾਂ ਨੂੰ ਕਲਫ਼ ਲਗਾ ਕੇ ਲੋਕੀਂ
ਯੁਵਕਾਂ ਨੂੰ ਦਸਦੇ
ਅਸਾਂ ਨ ਕੋਈ ਅੱਜ ਤੱਕ
ਕਾਲੇ ਰੰਗ ਦੇ ਵਾਲਾਂ ਵਾਲਾ ਤੱਕਿਆ

●

(London, Ontario)

## ਦੋ ਕਵਿਤਾਵਾਂ →

ਦਲਬਿੰਦਰ

(Calgary, Alberta)

### 1. ਸੱਪ

ਮੈਂ ਇਕ ਸੱਪ ਹਾਂ
ਤੁਸੀਂ ਮਦਾਰੀ ਹੋ
ਤੁਸੀਂ ਇਕ ਜੁਗ ਮੈਨੂੰ
ਆਪਣੀ ਟੋਪੀ 'ਚ
ਪਾ ਕੇ ਰੱਖਿਆ ਹੈ
ਮੈਂ ਤੁਹਾਡੇ ਕਹੇ ਤੋਂ
ਆਪਣੇ ਦੋਸਤ ਸੱਪਾਂ ਉਤੇ
ਜ਼ਹਿਰ ਉਗਲਦਾ ਰਿਹਾ ਹਾਂ
ਜੋ ਉਸ ਚੱਕਰ ਤੋਂ
ਬਾਹਰ ਸਨ—
ਹੁਣ ਮੈਂ ਸਮਝ ਗਿਆ ਹਾਂ
ਤੁਹਾਨੂੰ ਵੀ ਸਮਝ
ਲੈਣਾ ਚਾਹੀਦਾ ਹੈ
ਕਿ ਮਦਾਰੀ ਸੱਪ
ਲੜੇ ਤੋਂ ਮਰਦੇ ਹਨ
ਸੱਪ ਲੜੇ ਤੋਂ ਮਰਦੇ ਹਨ...

●

### 2. ਦਿਨ ਚੜ੍ਹੇ

ਮੈਂ—
ਜਿਸਨੂੰ ਮੁਰਗੇ ਦੀ
ਬਾਂਗ ਨਾਲ
ਉੱਠਣ ਦੀ
ਆਦਤ ਹੈ—
ਅੱਜ ਸਾਰੇ
ਗਵਾਂਢੀਆਂ ਦੇ ਮੁਰਗੇ ਨੇ
ਬਾਂਗ
ਨਹੀਂ
ਦਿੱਤੀ—
ਦਿਨ ਚੜ੍ਹੇ ਉਠਿਆ
ਤਾਂ
ਦੇਖਿਆ—
ਬੀਹੀ 'ਚ
ਥਾਣੇਦਾਰ
ਗਸ਼ਤ ਕਰਦਾ ਹੈ

●

# ਲੰਮੀ ਰਾਤ

•

ਹਮਦਰਦਵੀਰ ਨੌਸ਼ਹਿਰਵੀ

ਜੇਲ੍ਹ ਵਿਚ ਸੁਣਾਈ-ਅਧੀਨ ਕੈਦੀਆਂ ਦੀਆਂ ਸੂਈਆਂ ਮਾਰ ਮਾਰ, ਤੇਜ਼ਾਬ ਪਾ ਪਾ ਕੇ ਅੱਖਾਂ ਅੰਨ੍ਹੀਆਂ ਕੀਤੀਆਂ ਗਈਆਂ — ਇਕ ਐਸੇ ਕੈਦੀ ਦੀ ਪੁਕਾਰ।

6 × 8 ਫ਼ੁੱਟ ਧਰਤੀ ਮੇਰੇ ਹਿੱ     ਈ ਹੈ
ਉਹ ਵੀ ਆਪਣੀ ਨਹੀਂ, ਪ     ਹੈ।
ਉੱਚੀਆਂ ਉੱਚੀਆਂ, ਭਾਰੀ     ਾਰੀਆਂ ਕੰਧਾਂ
ਇਕ ਨਿੱਕਾ ਜਿਹਾ ਰੌਸ਼ਨ
ਜਿਥੋਂ ਕਦੀ ਚਾਨਣ ਨ     ਰਦਾ
ਕੋਈ ਪੰਛੀ ਝਾਤ ਨਹੀਂ     ਂਦਾ
ਇਕ ਲੋਹੇ ਦਾ ਬੂਹਾ ਮਟਾਆਂ ਸੀਖਾਂ ਵਾਲਾ
ਜਿਥੋਂ ਦੀ ਕਦੀ ਕਦੀ
ਰਾਤਾਂ ਨੂੰ ਝੁਕ ਝੁਕ ਲੁਕ ਲੁਕ ਕੇ
ਝਾਕਦੀ ਸੀ
ਫਟੀ ਫਟੀ ਚਾਂਦਨੀ।
ਪਹਿਲਾਂ ਮੈਂ ਵੇਖ ਸਕਦਾ ਸਾਂ
ਚਾਰ ਯੁਗਾਂ ਜਿੰਨੀਆਂ ਲੰਮੀਆਂ ਚਾਰ ਕੰਧਾਂ
ਨੌਂਹ ਰਗੜ ਰਗੜ ਵਾਹੁੰਦਾਂ ਸਾਂ ਲੀਕਾਂ
ਲਿਖਦਾ ਸਾਂ ਕੋਈ ਅਦਿੱਖ ਦਸਤਾਵੇਜ਼।
ਹੁਣ ਮੈਂ ਪੋਟੇ ਖੋਰ ਖੋਰ ਵਾਹੁੰਦਾ ਹਾਂ ਖ਼ੁਸ਼ਕ ਖ਼ਾਕੇ
ਹਰ ਖ਼ਾਕੇ ਵਿਚੋਂ ਲਹੂ ਦੀ ਗੰਧ ਆਉਂਦੀ ਹੈ
ਹਰ ਵਾਰ ਖਾਕੇ ਦੀ ਦਾਸਤਾਨ
ਸਲੀਬ ਦੀ ਬਾਤ ਪਾਉਂਦੀ ਹੈ।

ਮੈਂ ਬੇਬਸਾ ਸਾਂ, ਮੇਰੀ ਅੰਮੜੀਏ!
ਦੀਵਾਰਾਂ, ਸੰਗਲ, ਸੂਈਆਂ, ਤੇਜ਼ਾਬ, ਜਮੂਰ, ਜਮਦੂਤ —
ਸਭ ਕਰ ਰਹੇ ਸਨ ਆਪਣਾ ਘੇਰਾ ਤੰਗ।
ਮੇਰੇ ਬਚਾ ਲਈ ਕੁਝ ਵੀ ਤਾਂ ਨਹੀਂ ਸੀ।

ਮੈਂ ਲਾਚਾਰ ਸਾਂ, ਮੇਰੇ ਸਾਥੀਓ।
ਮੈਂ ਬਥੇਰਾ ਕਿਹਾ — ਵਾਰ ਵਾਰ ਕਿਹਾ —
ਮੇਰੇ ਹਥ ਕੱਟ ਲਵੋ, ਮੇਰੇ ਪੈਰ ਕੱਟ ਲਵੋ
ਖੇਤ ਦੀ ਵਾੜ ਹੋ ਕੇ, ਵਰਦੀ ਪਾ ਕੇ
ਖੇਤ ਨੂੰ ਨਾ ਖਾਵੋ
ਏਨਾ ਜ਼ੁਲਮ ਨਾ ਢਾਵੋ
ਮੇਰੇ ਸੂਰਜ ਨਾ ਬੁਝਾਵੋ।
ਮੈਂ ਲਾਚਾਰ ਸਾਂ, ਮੇਰੇ ਸਾਥੀਓ।
ਯਾਦ ਆਉਂਦੀ ਹੈ ਮੈਨੂੰ
ਆਪਣੀ ਮਾਂ ਬੇਪਰਦਾ
ਪਿਉ ਬੇਸਹਾਰਾ ਮੁਚਾਰਾ
ਤੇ 6 × 8 × 4 ਫ਼ੁੱਟ ਝੌਂਪੜੀ
ਤੇ ਹਾਦਸੇ ਦਰ ਹਾਦਸਾ —
ਝੌਂਪੜੀ ਦਾ ਫੈਲਦੇ ਹੋਏ ਖੇਤਾਂ ਹੇਠਾਂ ਆ ਜਾਣਾ
ਤੇ ਤੁਰਦੇ ਹੋਏ ਫੁੱਟ ਧਾਬਾਂ ਦਾ ਸਮੁੰਦਰ ਵਿਚ ਲਹਿ ਜਾਣਾ।

ਮਾਂ ਕਹਿੰਦੀ ਸੀ —
ਬੜੀ ਦਿਲਕਸ਼ ਹੈ ਚਮਕ ਤੇਰੀਆਂ ਅੱਖੀਆਂ ਦੀ
ਦੂਰ ਦੁਮੇਲ ਵਿਚ ਕੁਝ ਢੂੰਡਦੀ ਨਜ਼ਰ
ਤਕਣੀ ਵਿਚ ਰਵਾਨੀ ਝਨਾਂ ਦੀ।

ਸਾਥੀ ਕਹਿੰਦੇ ਸਨ —
ਤੇਰੀਆਂ ਅੱਖੀਆਂ ਵਿਚੋਂ ਸੁਪਨੇ ਡੁਲ੍ਹਦੇ ਨੇ
ਬਲਦੀ ਲਾਟ ਤੇ ਇਹਨਾਂ ਅੱਖੀਆਂ ਦੀ ਲੋਅ ਵਿਚ
ਕੋਈ ਸਾਂਝ ਹੈ ਜ਼ਰੂਰ।

ਮੇਰੇ ਪਿਆਰ, ਮੇਰੀਆਂ ਅੱਖਾਂ ਹੰਝੂਆਂ ਦੇ ਭਰੇ ਟੋਏ ਨੇ —
ਜਿਹਨਾਂ ਦੇ ਕੰਢੇ ਉਤੇ ਬੈਠਾ ਸੂਰਜ ਰੋਂਦਾ ਹੈ
ਹੁਣ ਤੂੰ ਨਾ ਰੋਵੀ
ਮੈਂ ਤੇਰੇ ਹੰਝੂ ਕਿਵੇਂ ਵੇਖ ਸਕਾਂਗਾ?
ਹੁਣ ਤੂੰ ਨਾ ਰੁਸੀਂ
ਮੈਂ ਤੈਨੂੰ ਕਿਵੇਂ ਮਨਾ ਸਕਾਂਗਾ?
ਮੇਰੇ ਪਿਆਰ, ਮੇਰੀ ਚਿੱਠੀ ਵਿਚੋਂ
ਹੁਣ ਤੈਨੂੰ ਨਹੀਂ ਮਿਲਣਗੇ ਕਾਲੇ ਅੱਖਰ
ਅੰਗੂਠੇ ਵਿਚੋਂ ਕਢੇ ਹੋਏ ਲਹੂ ਨਾਲ
ਲਿਖੀਆਂ ਘਾਇਲ ਰੇਖਾਵਾਂ ਵਿਚੋਂ ਪੜ੍ਹ ਲਈ
ਮੇਰੀ ਰੱਤੋ ਰੱਤ ਹਯਾਤੀ ਦੀ ਵਾਰਤਾ।

ਹੁਣ ਮੈਂ ਸਿਰਫ਼ ਸੁਣਦਾ ਹਾਂ —
ਕਦੀ ਗੋਡਿਆਂ ਨਾਲ, ਕਦੀ ਅਰਕਾਂ ਨਾਲ
ਕਦੀ ਨੱਕ ਨਾਲ, ਕਦੀ ਮੱਥੇ ਨਾਲ
ਤੇ ਕਦੀ ਢਿੱਡ ਨਾਲ
ਮੇਰੇ ਸਰੀਰ ਚੇ ਹਰ ਪਾਸੇ ਕੰਨ ਉੱਗ ਆਏ ਨੇ।

ਮੈਂ ਸੁਣਦਾ ਹਾਂ — ਤੇਜ਼ ਖੜਾਕ,
ਇਕ ਚੀਕ
ਬਾਰੂਦ ਦੀ ਗੰਧ
ਤੇ ਫੇਰ ਲੰਮਾ ਸੰਨਾਟਾ।
ਰੜਕ ਚੁਭਣ, ਪੀੜ, ਚੀਸ, ਜ਼ਖ਼ਮ, ਰਾਖ, ਧੂੰਆਂ
ਸਿਸਕੀ ਤੇ ਹਿਚਕੀ ਹੀ ਹੈ ਹੁਣ
ਮੇਰੀ ਜ਼ਿੰਦਗੀ ਦਾ ਜਮਾ ਖਾਤਾ।
ਬਚਪਨ ਮਰਿਆ ਪੈਦਾ ਹੋਇਆ ਸੀ,
ਵਰਤਮਾਨ ਮਰ ਚੁੱਕਾ ਹੈ,
ਭਵਿਖ ਰੋਜ਼ ਮਰੇਗਾ।
ਇਕ ਐਸਾ ਸਫ਼ਰ —
ਨਾ ਕੋਈ ਪੜਾ, ਨਾ ਮਜ਼ਲ, ਨਾ ਮੁਕਾਮ
ਨਾ ਠਹਿਰ, ਨਾ ਕਿਨਾਰਾ, ਨਾ ਪੈੜ।

ਸੜਕਾਂ ਨਹੀਂ, ਹਨ ਟੁੱਟੇ ਪੁੱਲ ਤੇ ਖੜੇ ਚੌਰਾਹੇ ।
ਸਦਾ ਤੁਰਦੇ ਰਹਿਣਾ ਚਾਹੁੰਦਾ ਸਾਂ ਮੈਂ
ਜਿਹਨਾਂ ਸੜਕਾਂ ਉਤੇ
ਉਹ ਸੜਕਾਂ ਮੇਰੀਆਂ ਅੱਖਾਂ ਵਿਚ ਉੱਗ ਆਈਆਂ ਨੇ
ਮੈਂ ਸੜਕਾਂ ਉਤੇ ਹੁਣ ਨਹੀਂ ਤੁਰ ਸਕਦਾ,
ਸੜਕਾਂ ਮੇਰੇ ਉਤੇ ਸਦਾ ਤੁਰਨਗੀਆਂ ।
ਘਟਨਾਵਾਂ ਨਹੀਂ
ਸਿਰਫ਼ ਦੁਰਘਟਨਾਵਾਂ ਹੀ ਵਾਪਰਨਗੀਆਂ ।
ਮੈਂ ਸੜਕਾਂ, ਧੁੱਪਾਂ, ਰਿੰਡਿਆਂ ਦਾ ਪਾਂਧੀ,
ਹੁਣ ਇਕ ਡੈਡਫ਼ੁਲਸਟਾਪ, ਪੱਗ ਪੱਗ ਦਾ ਮੁਥਾਜ ।
ਸਰਕਾਰੀ ਐਨਕ ਹੇਠਾਂ ਕਾਲੀ ਪੱਟੀ
ਤੇ ਹੇਠਾਂ ਡੂੰਘੀਆਂ ਖੱਡਾਂ ਰੋਜ਼ ਗੜੇਮਾਰ ।
ਚੁੰਗੀਆਂ ਭਰਦੇ ਹਰਨ ਰੋਜ਼ ਗੋਲੀ ਦਾ ਨਿਸ਼ਾਨਾ ਬਣਦੇ ।
ਤੇ ਮਾਤਮਾਈ ਜਾਂਦੀ ਹੈ— ਰੋਜ਼ ਸਰਘੀ ।
ਪੈਰਾਂ ਨਾਲ ਬੱਧੇ ਪਹਾੜ
ਬਿਆਈਆਂ ਵਿਚੋਂ ਸਿੰਮਦਾ ਲਹੂ
ਹੱਥਾਂ ਉਤੇ ਅਟੱਣ ਤੇ ਛਾਲੇ ।
ਹੱਥ ਕਾਸਾ ਨਹੀਂ ਬਣੇ
ਪਰ ਬੋਝੇ ਦੀਆਂ ਢੂੱਕੀਆਂ ਪੰਜੀਆਂ ਦਾ ਕੋਈ ਕੀ ਕਰੇ ।
ਤਰਸ ਨਹੀਂ ਮੰਗਦਾ ਮੈਂ
'ਕਿੰਨਾ ਸੁਹਣਾ ਨੌਜਵਾਨ ਪਰ ਰਬ ਦਾ ਭਾਣਾ ਵੇਖੋ—'
ਇਹਨਾਂ ਅਣਮੰਗੀਆਂ ਅਸੀਸਾਂ ਦਾ ਕੋਈ ਕੀ ਕਰੇ ।

ਚਾਰ ਫ਼ੁੱਟ ਉੱਚੀ ਝੌਂਪੜੀ ਤੋਂ
ਛੇ ਫ਼ੁੱਟ ਚੌੜੀ ਕੋਠੜੀ ਤਕ ਮੇਰਾ ਸਫ਼ਰ
ਤੇ ਫੇਰ ਅਥਾਹ ਕਾਲਾ ਸਾਗਰ
ਠੱਕ ਠੱਕ ਤੇ ਠੇਡੇ, ਠੇਡੇ ਤੇ ਠੱਕ ਠੱਕ ।
ਨਾ ਸ਼ੁਭ ਆਮਦ, ਨਾ ਉਡੀਕ, ਨਾ ਅਲਵਿਦਾ
ਟਿਕੀ ਰਾਤ, ਕੋਹਰਾਈ ਸਵੇਰ, ਖਿੜੀ ਧੁੱਪ, ਵਸਲ-ਸ਼ਾਮ

ਸਭ ਇਕ ਸਮਾਨ, ਬਿਨ ਤੀਰ, ਕਮਾਨ ।
ਸਿਰਫ਼ ਖੰਡਰ ਹੀ ਖੰਡਰ
ਨਾ ਕੋਈ ਘਰ ਨਾ ਮਕਾਨ ।

ਕਦੀ ਮੇਰੀਆਂ ਵੀ ਅਖਾਂ ਦੀ ਨੀਮ-ਮਦਹੋਸ਼ੀ ਵਿਚ
ਦਿਸਦੀ ਸੀ ਸੁਪਨੇ ਦੀ ਪਾਰਦਰਸ਼ੀ ਝਲਕ
ਹੁਣ ਇਹਨਾਂ ਅੱਖਾਂ ਵਿਚੋਂ ਕਿਰਦਾ ਹੈ ਰੇਗਸਤਾਨ
ਰਾਤ ਦਾ ਰੇਗਸਤਾਨ ।
ਪਰਛਾਵੇਂ ਜਿਹੇ ਹਨ
ਜਿਹਨਾਂ ਦਾ ਕੋਈ ਰੰਗ ਨਹੀਂ
ਪੁੱਠੇ ਲਟਕਦੇ ਬਕਰੇ ਹਨ
ਚਮਗਾਦੜ ਹਨ ਕਿ ਬੰਦੇ
ਕਹਿ ਨਹੀਂ ਸਕਦਾ ।
ਅੱਖਾਂ ਵਿਚ ਸੁਰਮਾ ਨਹੀਂ ਸੀਸ਼ੇ ਦਾ ਮੈਦਾ
ਸੁਰਮਚੂ ਨਹੀਂ, ਤਪਦੀ ਸਲਾਖ਼,
ਹੰਝੂ ਨਹੀਂ ਤੇਜ਼ਾਬ ।
ਨਾ ਰੌਸ਼ਨੀ ਮੀਨਾਰ, ਨਾ ਜਗਦੀ ਮਸ਼ਾਲ ।
ਇਕ ਮੀਂਹ ਰੋਕ ਗੁੱਡਾ,
ਵੱਟ ਉਤੇ ਗੱਡਿਆ ਡਰਾਉਣਾ
ਸਹਿਕਦੀ ਕਬਰ ਉਤੇ ਟੰਗਿਆ ਕਾਲਾ ਝੰਡਾ
ਜਾਂ ਨਿਰਾ ਰੇਤ ਦਾ ਮਜ਼ਾਰ
ਨਾ ਕੋਈ ਸ਼ਕਲ, ਨਾ ਚਿੰਨ, ਨਾ 'ਆਕਾਰ ।

ਮੈਂ ਵੀ ਕਦੇ ਚਾਹੇ ਸਨ
ਪੌਣਾਂ ਦੇ ਕੇਸਾਂ ਵਿਚ ਰੰਗ ਭਰਨੇ
ਪੰਛੀਆਂ ਦੇ ਪੰਖਾਂ ਦੇ ਰੰਗ ਅੱਖਾਂ ਵਿਚ ਉਤਾਰਨੇ
ਚੜ੍ਹਦੇ ਸੂਰਜ ਨੂੰ ਕਹਿਣੀ ਸ਼ੁਭ ਸਵੇਰ
ਤੇ ਡੁਬਦੇ ਸੂਰਜ ਨੂੰ ਸਲਾਮ ।
ਘਿਰ ਗਿਆ ਮੈਂ ਵਿਚ ਇਕ ਸ਼ਦੀਵੀ ਹਨੇਰੇ ਦੇ ਘੇਰੇ
ਇਕ ਸਦੀਵੀ ਰਾਤ
ਇਸ ਰਾਤ ਦਾ ਕੋਈ ਅਰੰਭ ਹੈ, ਨਾ ਅੰਤ
ਨਾ ਕੋਈ ਸਿਰਾ ਹੈ, ਨਾ ਕਿਨਾਰਾ ।
ਇਸ ਮੌਸਮ ਦਾ
ਨਾ ਕੋਈ ਹਾੜ ਹੈ, ਨਾ ਸਿਆਲ
ਨਾ ਪਤਝੱੜ, ਨਾ ਬਹਾਰ
ਨਾ ਹਰਿਆਵਲ, ਨਾ ਵੀਰਾਨੀ
ਨਾ ਸ਼ਬਨਮ, ਨਾ ਕਰੂੰਬਲ ।
ਹੁਣ ਹੈ ਬਸ—
ਗੰਡੋਰੀ, ਪੱਥਰ, ਠੋਕਰ ਤੇ ਪੈਰ ਲਹੂ ਲੁਹਾਨ ।
ਨਾ ਕਿਸ਼ਤੀ, ਨਾ ਚੱਪੂ, ਨਾ ਬਾਦਬਾਨ ।
ਨਾ ਸ਼ਾਮ ਹੈ, ਨਾ ਦੁਪਹਿਰ, ਨਾ ਪ੍ਰਭਾਤ ਹੈ
ਰਾਤ ਮੁਕਦੀ ਹੀ ਨਹੀਂ, ਬਸ ਰਾਤ ਹੀ ਰਾਤ ਹੈ ।

(ਧੰਨਵਾਦ ਸਹਿਤ ਪ੍ਰੀਤਲੜੀ ਵਿਚੋਂ)

**Elite Tailors**
**ਈਲਾਈਟ ਟੇਲਰਜ਼**
4219 Main St. at 26th. 872-2276

We stock Bell-Bottom & Regular Pants Latest Style Suits Shirts & Shoes We also carry Ladies clothing.

ALSO IN STOCK NOW
VELVET SUITS AND JACKETS.

For any sporting uniform needs
Please Visit Us.

**ELITE TAILORS**
**4219 MAIN STREET**
**PHONE: 872-2276**

* MAIL ORDERS ACCEPTED *

# ਬੰਬੇ ਸਵੀਟ ਮੈਨੂਫੈਕਚਰਰ

**4405 MAIN ST., VANCOUVER, B.C.**

## ਬੰਬੇ ਸਵੀਟ ਮੈਨੂਫੈਕਚਰਰ

**FOR LARGEST VARIETY IN INDIAN SWEETS**

ਵਾਧੂ ਪੈਸੇ ਕਿਉਂ ਖ਼ਰਚਣੇ ਹਨ? ਆਓ ਸਾਡੇ ਰੇਟ ਤੇ ਮਾਲ ਚੈੱਕ ਕਰੋ

ਤੁਹਾਡੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ
ਬੰਬੇ ਸਵੀਟ ਨੇ ਇਕ ਹੋਰ ਬਰਾਂਚ ਪੰਜਾਬੀਆਂ ਦੇ ਗੜ੍ਹ - ਪੰਜਾਬੀ ਮਾਰਕਿਟ ਵਿਚ
**6545 MAIN ST., (NEAR 49TH. AVE)** ਦੇ ਕੋਲ ਖੋਲ੍ਹ ਦਿੱਤੀ ਹੈ.

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ....

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

*OUR TEMPTATIONS,*

Largest Variety in Indian Sweets

Burfi - Laddo - Rasgulas - Gulab Jamuns - Masu - Pinnis
**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼੍ਰੀਦਣ ਲਈ

ਸ਼ੁਕਲਾ ਬ੍ਰਾਦਰਜ਼

ਵਿਆਹ ਸ਼ਾਦੀਆਂ, ਪਾਰਟੀਆਂ ਲਈ
ਆਰਡਰ ਦੋਹਾਂ ਸਟੋਰਾਂ ਤੇ
ਬੁਕ ਕੀਤੇ ਜਾਂਦੇ ਹਨ

# BOMBAY SWEET MANUFACTURER

Manager: SHUKLA

**874-5722** **321-1414**

**WE ARE OPEN EVERY DAY 9 A.M. TO 9:30 P.M.**

**4405 MAIN ST. (AT 28TH. AVE)**
**VANCOUVER — TEL. 874-5722**

**6545 MAIN ST. (AT 49TH. AVE)**
**VANCOUVER, TEL. 321-1414**

# ਇੰਟਰਵਿਊ

ਐਕਟਰ, ਨਿਰਦੇਸ਼ਕ ਤੇ ਤਮਾਸ਼ਾ ਲੇਖਕ ਦਵਿੰਦਰ ਦਮਨ 'ਨੌਰਾ ਰਿਚਰਡ ਰੰਗਮੰਚ' ਦੇ ਸੰਚਾਲਕ ਹਨ। ਉਨ੍ਹਾਂ, ਹਨੂੰਸ, ਸੌਦਿਆ ਸਾਰ ਨਾਂ ਕਾਇ, ਨਾਟਕੀ, ਸੂਰਜ ਦਾ ਕਤਲ (ਆਪਣਾ ਲਿਖਿਆ ਹੋਇਆ) ਵਰਗੀਆਂ ਅਤੇ ਹੋਰ ਵੀ ਕਈ ਤਮਾਸ਼ਿਆਂ ਦਾ ਨਿਰਦੇਸ਼ਨ ਕੀਤਾ ਹੈ। ਉਹ ਪੰਜਾਬੀ ਵਿੱਚ ਇਪਟਾ ਦੇ ਸਰਗਰਮ ਸੱਕਤਰ ਹਨ ਅਤੇ ਚੰਡੀਗੜ੍ਹ ਸੰਗੀਤ ਨਾਟਕ ਅਕੈਡਮੀ ਦੇ ਮੈਂਬਰ ਹਨ। ਪਿਛਲੇ ਦਿਨੀਂ ਉਹ ਪੰਜਾਬ ਕਲਾ ਕੇਂਦਰ ਦੇ ਨਾਟਕ 'ਰਾਣੀ ਜਿੰਦਾਂ' (ਲੇਖਕ ਡਾ: ਹਰਚਰਨ ਸਿੰਘ) ਦੌਰੇ ਦੇ ਸਬੰਧ ਵਿੱਚ ਵੈਨਕੂਵਰ ਆਏ ਸਨ। ਅਸੀਂ ਉਨ੍ਹਾਂ ਨਾਲ ਕੀਤੀ ਗਲਬਾਤ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਸਾਡੀ ਇਹ ਦਿਲੀ ਖਾਹਿਸ਼ ਸੀ ਕਿ ਅਸੀਂ "ਰਾਣੀ ਜਿੰਦਾਂ" ਨਾਟਕ ਦੇ ਲੇਖਕ ਅਤੇ ਨੈਸ਼ਨਲ ਇਨਾਮ ਜੇਤੂ ਡਾ: ਹਰਚਰਨ ਸਿੰਘ ਹੁਰਾਂ ਨਾਲ ਗਲਬਾਤ ਕਰ ਪਾਠਕਾਂ ਤੱਕ ਪਹੁੰਚਾਉਂਦੇ। ਪਰ ਸਾਨੂੰ ਅਫਸੋਸ ਹੈ ਕਿ ਸਮੇਂ ਦੀ ਘਾਟ ਕਾਰਨ ਅਸੀਂ ਇਹ ਗਲਬਾਤ ਨਹੀਂ ਕਰ ਸਕੇ। ਸਾਨੂੰ ਆਸ ਹੈ ਕਿ ਸਾਡੇ ਪਾਠਕਾਂ ਨੂੰ ਦਵਿੰਦਰ ਦਮਨ ਹੁਰਾਂ ਨਾਲ ਕੀਤੀ ਗਲਬਾਤ ਤੋਂ ਪੰਜਾਬੀ ਰੰਗਮੰਚ ਬਾਰੇ ਕਾਫੀ ਜਾਣਕਾਰੀ ਮਿਲ ਸਕੇਗੀ।

(-ਸੰਪਾਦਕ)

? :- ਦਮਨ ਜੀ ਸੱਭ ਤੋਂ ਪਹਿਲਾਂ ਅਸੀਂ ਤੁਹਾਥੋਂ ਸੰਖੇਪ ਵਿੱਚ ਪੰਜਾਬੀ ਥੀਏਟਰ ਦੇ ਇਤਿਹਾਸ ਬਾਰੇ ਅਤੇ ਉਸ ਵਿੱਚ ਚਲ ਰਹੀਆਂ ਮੌਜੂਦਾ ਸਮੱਸਿਆਵਾਂ ਬਾਰੇ ਜਾਣਨਾ ਚਾਹਾਂਗੇ?

ਦਮਨ : ਪੰਜਾਬੀ ਥੀਏਟਰ ਦੇ ਇਤਿਹਾਸ ਦਾ ਤਾਂ ਲੱਗ ਭੱਗ ਸਾਰਿਆਂ ਨੂੰ ਪਤਾ ਹੀ ਹੈ ਖਾਸ ਕਰ ਉਹਨਾ ਨੂੰ ਜਿਹੜੇ ਅਖਬਾਰਾਂ ਰਸਾਲੇ ਪੜ੍ਹਦੇ ਰਹਿੰਦੇ ਹਨ। ਇਸ ਲਈ ਮੇਰਾ ਖਿਆਲ ਹੈ ਕਿ ਅਸੀਂ ਮੌਜੂਦਾ ਸਥਿਤੀ ਬਾਰੇ ਗੱਲ ਕਰੀਏ। ਪੰਜਾਬੀ ਥੀਏਟਰ ਦੂਜੇ ਸੂਬਿਆਂ, ਇਪਟਾ ਅਤੇ ਨੈਸ਼ਨਲ ਸਕੂਲ ਆਫ ਡਰਾਮਾ ਦੇ ਅਸਰ ਹੇਠਾਂ ਪਨਪ ਰਿਹਾ ਹੈ। ਮੈਂ ਇਹ ਤਾਂ ਨਹੀਂ ਕਹਿੰਦਾ ਕਿ ਸਾਡਾ ਥੀਏਟਰ ਬਾਕੀ ਸੂਬਿਆਂ ਦੇ ਮੁਕਾਬਲੇ ਪਿਛੇ ਹੈ, ਹੋਰ ਵੀ ਕਈ ਸੂਬਿਆਂ ਵਿੱਚ ਸਾਡੇ ਵਾਂਗ ਥੀਏਟਰ ਨਹੀਂ ਹੋਣਾ। ਫੇਰ ਵੀ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਿਹੜੇ ਸੂਬਿਆਂ ਵਿੱਚ ਥੀਏਟਰ ਚਲ ਰਿਹਾ ਹੈ ਅਸੀਂ ਉਹਨਾਂ ਨਾਲ ਮੋਢਾ ਜੋੜਕੇ ਚੱਲੀਏ। ਕਈ ਸੂਬੇ ਸਾਡੇ ਤੋਂ ਕਾਫੀ ਅੱਗੇ ਹਨ ਜਿਵੇਂ ਬੰਗਾਲ ਹੈ, ਮਹਾਂਰਾਸ਼ਟਰ ਹੈ ਇਸੇ ਤਰ੍ਹਾਂ ਦਖਣ ਵਿੱਚ ਕਈ ਥਾਵਾਂ ਹਨ। ਪ੍ਰਮੁੱਖ ਤੌਰ ਤੇ ਪੰਜਾਬ ਵਿੱਚ ਤਿੰਨ ਗਰੁੱਪ ਕੰਮ ਕਰ ਰਹੇ ਹਨ ਇੱਕ "ਪੰਜਾਬ ਕਲਾ ਮੰਚ" ਜਿਸਦੇ ਸੰਚਾਲਕ ਹਰਪਾਲ ਟਿਵਾਣਾ ਜੀ ਨੇ, ਦੂਜਾ ਹੈ "ਅੰਮ੍ਰਿਤਸਰ ਸਕੂਲ ਆਫ ਡਰਾਮਾ' ਜਿਸਦੇ ਸੰਚਾਲਕ ਸਰਦਾਰ ਗੁਰਸ਼ਰਨ ਸਿੰਘ ਜੀ ਨੇ ਅਤੇ ਤੀਸਰਾ ਗਰੁੱਪ 'ਨੌਰਾ ਰਿਚਰਡ ਰੰਗ ਮੰਚ' ਜਿਹੜਾ 'ਨੌਰਾ ਰਿਚਰਡ ਹੁਰਾਂ ਦੇ ਸੁਰਗਵਾਸ ਹੋਣ ਬਾਅਦ ਅਸੀਂ ਉਹਨਾਂ ਦੀ ਯਾਦ ਵਿੱਚ ਬਣਾਇਆ, ਉਸਨੂੰ ਮੈਂ ਚਲਾ ਰਿਹਾ ਹਾਂ। ਇਸ ਤਰ੍ਹਾਂ ਅਸੀਂ ਤਿੰਨੇ ਗਰੁੱਪ ਵੱਧ ਚੜ੍ਹ ਕੋਸ਼ਿਸ਼ ਕਰ ਰਹੇ ਹਾਂ। ਇਸ ਤੋਂ ਬਿਨਾਂ ਕੁਝ ਨਵੇਂ ਗਰੁੱਪ ਜਾਂ ਬੰਦੇ ਵੀ ਅੱਗੇ ਆਏ ਹਨ ਜਿਵੇਂ ਸਰਦਾਰਜੀਤ ਬਾਵਾ ਹੈ ਉਹਦੇ ਵਿੱਚ ਕਈਆਂ ਸੰਭਾਵਨਾਵਾਂ ਹਨ ਜੇ ਉਹ ਸ਼ਹਿਰ ਤੋਂ ਕੁਝ ਦੂਰ ਹੋ ਕੇ ਖਾਸ ਕਰਕੇ ਸਾਹਿਤਕ ਲੋਕਾਂ ਤੇ ਥੀਏਟਰ ਨੂੰ ਨਿਭਾਏ। ਬਾਕੀ ਚੰਡੀਗੜ੍ਹ ਅੰਦਰ ਸਮੱਸਿਆਵਾਂ ਵਧਦੀਆਂ ਰਹਿੰਦੀਆਂ ਹਨ। ਇੱਕ ਨਵਾਂ ਮੁੰਡਾ ਸੁਦਰਸ਼ਨ ਥੈਰੀ ਹੈ ਉਸਨੇ ਆਪਣੇ ਪਿੰਡ ਆਪਣੇ ਘਰ ਅੰਦਰ ਇੱਕ ਥੀਏਟਰ ਬਣਾਇਆ ਹੈ। ਇਸ ਤੋਂ ਬਿਨਾਂ ਪੰਜਾਬ ਯੂਨੀਵਰਸਿਟੀ ਦਾ ਇੰਡੀਅਨ ਥੀਏਟਰ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਦਾ "ਡਰਾਮਾ ਐਂਡ ਸਪੀਚ ਵਿਭਾਗ" ਉਸਦੀ ਵੀ ਬੜੀ ਦੇਣ ਹੈ। ਇਨ੍ਹਾਂ ਵਿਚੋਂ ਜਿਹੜੇ ਵਿਦਿਆਰਥੀ ਨਿਕਲਦੇ ਨੇ ਉਹ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਆਪ ਨੂੰ ਸਰਗਰਮ ਰਖਦੇ ਨੇਂ ਪਰ ਸਾਰੇ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ ਹੋਈ ਕਿ ਉਹਨਾਂ ਕਰਕੇ ਬਹੁਤ ਸਰਗਰਮੀਆਂ ਹੋਈਆਂ ਹੋਣ। ਇਨ੍ਹਾਂ ਵਿਚੋਂ ਕੁਝ ਲੋਕ ਸਾਡੇ ਗਰੁੱਪ ਵਿੱਚ ਆ ਜਾਂਦੇ ਹਨ ਕੁੱਝ ਟੀ.ਵੀ. ਵੱਲ ਚਲੇ ਜਾਂਦੇ ਹਨ। ਫੇਰ ਵੀ ਥੀਏਟਰ ਵੱਲ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ। ਮਨੋਰੰਜਨ ਟੈਕਸ ਨੂੰ ਵੀ ਮੁਆਫ ਕਰਉਣ ਲਈ ਯਤਨ ਹੋ ਰਹੇ ਹਨ ਜਿਹੜਾ ਕਿ ਪੰਜਾਬ ਵਿੱਚ ਮੁਆਫ ਨਹੀਂ ਅਤੇ ਜਿਹੜਾ ਮੁਆਫ ਹੋਣਾ ਅਤਿ ਜ਼ਰੂਰੀ ਹੈ। ਇਸ ਤੋਂ ਬਿਨਾਂ ਪਿਛੇ ਜਿਹੇ ਸਰਕਾਰ ਵਲੋਂ ਵੀ ਕੁਝ ਯਤਨ ਕੀਤੇ ਗਏ ਹਨ, ਦੋ-ਕ ਸਾਲਾਂ ਤੋਂ ਗਰਾਂਟਾਂ ਦਸੌਂਧ ਦਿੱਤੀਆਂ ਹਨ। ਇਸ ਸਾਲ ਪਤਾ ਨਹੀਂ ਕਿਉਂ ਨਹੀਂ ਦਿੱਤੀਆਂ ਗਈਆਂ। ਸੋ ਮੋਟੇ ਤੌਰ ਤੇ ਪੰਜਾਬੀ ਥੀਏਟਰ ਵਿੱਚ ਅਜਕਲ੍ਹ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਹੋ ਰਹੀਆਂ ਹਨ।

? : ਜਿਵੇਂ ਪਿਛਲੇ ਦੋ ਤਿੰਨ ਦਹਾਕਿਆਂ ਵਿੱਚ ਪੰਜਾਬੀ ਸਾਹਿਤ ਨੇ ਬੜੀ ਹੈਰਾਨਕੁਨ ਤਰੱਕੀ ਕੀਤੀ ਹੈ, ਕੀ ਤੁਹਾਡੇ ਖਿਆਲ ਵਿੱਚ ਪੰਜਾਬੀ ਥੀਏਟਰ ਵੀ ਉਸੇ ਤੇਜ਼ੀ ਨਾਲ ਅੱਗੇ ਵਧਿਆ ਹੈ?

ਦਮਨ : ਲਿਟਰੇਚਰ ਜਿਵੇਂ ਕਵਿਤਾ, ਕਹਾਣੀ ਅਤੇ ਨਾਵਲ ਦਾ ਥੀਏਟਰ ਨਾਲ ਕੋਈ ਸਿੱਧਾ ਸਬੰਧ ਨਹੀਂ ਇਸ ਕਰਕੇ ਇਸਦਾ ਥੀਏਟਰ ਉਪਰ ਕੋਈ ਅਸਰ ਵੀ ਨਹੀਂ। ਹਾਂ ਲਿਟਰੇਚਰ ਵਿੱਚ ਛਪੀਆ ਲਿਖੇ ਨਾਟਕਾਂ ਨਾਲ ਥੀਏਟਰ ਦਾ ਸਬੰਧ ਹੈ ਪਰ ਜੇ ਮੁਕਾਬਲਾ ਕਰੀਏ ਤਾਂ ਪੰਜਾਬੀ ਸਾਹਿਤ ਦੇ ਨਾਲ ਨਾਲ ਥੀਏਟਰ ਨੇਂ ਵੀ ਬਹੁਤ ਤਰੱਕੀ ਕੀਤੀ ਹੈ। ਨਵੀਆਂ ਨਵੀਆਂ ਟੈਕਨੀਕਾਂ ਤੋਂ ਡਾਇਰੈਕਟਰ [illegible] ਹੋਏ ਹਨ। ਨੈਸ਼ਨਲ ਸਕੂਲ ਆਫ ਡਰਾਮਾ ਅਤੇ ਥੀਏਟਰ ਵਿਭਾਗਾਂ ਦੁਆਰਾ ਪੱਛਮ ਵਿੱਚ ਚਲ ਰਹੀਆਂ ਟੈਕਨੀਕਾਂ ਦੀ ਸਾਇੰਟਿਫਿਕ ਤਰੀਕੇ ਨਾਲ 'ਇੰਟਰੋਡਕਸ਼ਨ' ਹੁੰਦੀ ਰਹਿੰਦੀ ਹੈ। ਇਸੇ ਤਰ੍ਹਾਂ ਅਸੀਂ ਇਨ੍ਹਾਂ ਟੈਕਨੀਕਾਂ ਨੂੰ 'ਅਡਾਪਟ' ਕਰਦੇ ਰਹਿੰਦੇ ਹਾਂ। ਟੈਕਨੀਕੀ ਤੌਰ ਤੇ ਥੀਏਟਰ ਕਾਫੀ ਵਿਕਸਤ ਹੋਇਆ ਹੈ। ਇਹ ਗੱਲ ਵੱਖਰੀ ਹੈ ਕਿ ਪੈਸਾ ਨਾਂ ਮਿਲਣ ਕਰਕੇ, ਲੋੜੀਂਦੀ ਆਰਥਿਕ ਸਹਾਇਤਾ ਨਾਂ ਮਿਲਣ ਕਰਕੇ ਬਹੁਤ ਸਾਰੀਆਂ ਤਕਨੀਕਾਂ ਸਾਡੇ ਮਨ ਵਿੱਚ ਹੀ ਰਹਿ ਜਾਂਦੀਆਂ ਹਨ ਜਿੰਨ੍ਹਾਂ ਨੂੰ ਅਸੀਂ 'ਇੰਟਰੋਡਿਊਸ' ਨਹੀਂ ਕਰ ਸਕਦੇ।

? : ਪੰਜਾਬੀ ਸਾਹਿਤਕਾਰਾਂ ਨੂੰ ਇਹ ਗਿਲ੍ਹਾ ਰਹਿੰਦਾ ਹੈ ਕਿ ਉਹਨਾ ਨੂੰ ਉਸ ਤਰ੍ਹਾਂ ਦੇ ਪਾਠਕ ਨਹੀਂ ਮਿਲਦੇ ਜਿਸ ਤਰ੍ਹਾਂ ਦੇ ਉਹ ਚਾਹੁੰਦੇ ਹਨ। ਕੀ ਪੰਜਾਬੀ ਥੀਏਟਰ ਦੇ ਲੋਕਾਂ ਨੂੰ ਵੀ ਏਸ ਤਰ੍ਹਾਂ ਦਾ ਗਿਲ੍ਹਾ ਹੈ। ਕਿ ਉਹਨਾਂ ਨੂੰ ਵੀ ਉਸ ਤਰ੍ਹਾਂ ਦੇ ਦਰਸ਼ਕ ਨਹੀਂ ਮਿਲਦੇ ਜਿਸ ਤਰ੍ਹਾਂ ਦੇ ਉਹ ਚਾਹੁੰਦੇ ਹਨ?

ਰਮਨ : ਮੈਂ ਸਮਝਦਾ ਹਾਂ ਕਿ ਸਾਡੇ ਕੋਈ ਇਸ ਤਰ੍ਹਾਂ ਦਾ ਦਰਸ਼ਕਾਂ ਬਾਰੇ ਝਗੜਾ ਨਹੀਂ ਕਿਉਂਕਿ ਥੀਏਟਰ ਲੋਕਾਂ ਵਿੱਚ ਬਹੁਤ ਪ੍ਰਚਲਤ ਹੋ ਗਿਆ ਹੈ। ਜੇ ਉਚੇਚੇ ਤੌਰ ਤੇ ਪੂਰੇ ਧਿਆਨ ਨਾਲ ਲੋਕਾਂ ਨੂੰ ਦੱਸਿਆ ਜਾਵੇ ਕਿ ਫਲਾਣੀ ਥਾਂ ਤੇ ਨਾਟਕ ਹੋ ਰਿਹਾ ਹੈ ਲੋਕ ਜ਼ਰੂਰ ਆਉਂਦੇ ਹਨ। ਕੋਈ ਕਾਰਨ ਨਹੀਂ ਕਿ ਨਹੀਂ ਆਉਂਦੇ ਭਾਵੇਂ ਉਹ ਸ਼ਹਿਰਾਂ ਵਿੱਚ ਹੋਵੇ ਭਾਵੇਂ ਪਿੰਡਾਂ ਵਿੱਚ। ਕਈ ਵਾਰੀ ਆਰਥਿਕ ਸਾਧਨਾਂ ਦੀ ਘਾਟ ਕਾਰਨ

ਅਸੀਂ ਪੂਰੀ ਤਰ੍ਹਾਂ ਸੂਚਨਾ ਲੋਕਾਂ ਤੱਕ ਨਹੀਂ ਪੁਚਾ ਸਕਦੇ ਅਤੇ ਲੋਕ ਨਹੀਂ ਆਉਂਦੇ। ਇਹ ਸਾਡੀ ਆਪਣੀ ਘਾਟ ਹੁੰਦੀ ਹੈ ਲੋਕਾਂ ਦੀ ਨਹੀਂ। ਸਾਡੇ ਕੋਲ ਚੰਗੇ ਥੀਏਟਰ ਨਹੀਂ ਇਸ ਕਰਕੇ ਵੀ ਕਈ ਵਾਰੀ ਲੋਕ ਨਹੀਂ ਆਉਂਦੇ। ਇਸ ਲਈ ਮੈਂ ਤਾਂ ਇਹ ਹੀ ਕਹਿ ਸਕਦਾ ਹਾਂ।

ਕਿ ਜੇ ਲੋਕਾਂ ਨੂੰ ਠੀਕ ਤਰ੍ਹਾਂ ਸੂਚਨਾ ਮਿਲੇ, ਸਾਡੇ ਕੋਲ ਥੀਏਟਰ ਚੰਗਾ ਹੋਵੇ, ਲੋਕ ਜ਼ਰੂਰ ਆਉਂਦੇ ਹਨ।

? : ਤੁਸੀਂ ਹੁਣੇ ਪਿੰਡਾਂ ਅਤੇ ਸ਼ਹਿਰਾਂ ਦੀ ਗੱਲ ਕੀਤੀ ਹੈ ਕੀ ਤੁਹਾਡੇ ਖਿਆਲ ਵਿੱਚ ਪੰਜਾਬੀ ਥੀਏਟਰ ਪਿੰਡਾਂ ਵਿੱਚ ਜ਼ਿਆਦਾ ਪਾਪੂਲਰ ਹੈ ਜਾਂ ਸ਼ਹਿਰਾਂ ਵਿੱਚ?

ਰਮਨ : ਸ਼ਹਿਰਾਂ ਵਿੱਚ ਮਨੋਰੰਜਨ ਦੇ ਹੋਰ ਸਾਧਨ ਵੀ ਹਨ। ਇਸ ਲਈ ਕੁਦਰਤੀ ਤੌਰ ਤੇ ਪੰਜਾਬੀ ਥੀਏਟਰ ਸ਼ਹਿਰਾਂ ਉਨਾਂ ਪਾਪੂਲਰ ਨਹੀਂ ਜਿੰਨਾ ਪਿੰਡਾਂ ਵਿੱਚ ਹੈ। ਮੈਂ ਵੱਡੇ ਸ਼ਹਿਰਾਂ ਦੀ ਗੱਲ ਕਰ ਰਿਹਾ ਹਾਂ ਜਿਵੇਂ ਚੰਡੀਗੜ੍ਹ ਵਗੈਰਾ। ਉਸ ਤਰ੍ਹਾਂ ਅੰਮ੍ਰਿਤਸਰ ਵਿੱਚ ਪੰਜਾਬੀ ਥੀਏਟਰ ਬੜਾ ਅੱਛਾ ਹੋ ਰਿਹਾ ਹੈ। ਲੋਕ ਉਸ ਤਰ੍ਹਾਂ ਅਤੇ ਉਨਾਂ ਹੀ ਇਹਨੂੰ ਪਸੰਦ ਕਰਦੇ ਹਨ ਜਿਸ ਤਰ੍ਹਾਂ ਪਿੰਡਾਂ ਵਿੱਚ ਕਰਦੇ ਹਨ। ਪਰ ਫਿਰ ਵੀ ਜਿੰਨੀ ਲੋੜ ਥੀਏਟਰ ਦੀ ਪਿੰਡਾਂ ਵਾਲਿਆਂ ਨੂੰ ਹੈ ਉਨੀ ਸ਼ਹਿਰਾਂ ਵਾਲਿਆਂ ਨੂੰ ਨਹੀਂ ਕਿਉਂਕਿ ਸ਼ਹਿਰਾਂ ਵਿੱਚ ਮਨੋਰੰਜਨ ਦੇ ਹੋਰ ਸਾਧਨ ਵੀ ਹਨ।

? : ਕੀ ਪਿੰਡਾਂ ਅਤੇ ਸ਼ਹਿਰਾਂ ਦੇ ਥੀਏਟਰ ਵਿੱਚ ਕਿਸੇ ਤਰ੍ਹਾਂ ਦਾ ਸਪਸ਼ਟ ਫਰਕ ਹੈ। ਕਿਸੇ ਪੱਖੋਂ ਜਾਂ ਸਟੇਜ ਪੱਖੋਂ ਪਿੰਡਾਂ ਵਿੱਚ ਸ਼ਹਿਰਾਂ ਦੇ ਮੁਕਾਬਲੇ ਘੱਟ ਸਹੂਲਤਾਂ ਹਨ, ਜੋ ਤੁਹਾਨੂੰ ਤਮਾਸ਼ਾ ਸਟੇਜ ਕਰਨ ਲਈ ਪਿੰਡਾਂ ਵਿੱਚ ਕਿਸ ਤਰ੍ਹਾਂ ਦੀਆਂ ਮੁਸ਼ਕਿਲਾਂ ਆਉਂਦੀਆਂ ਹਨ?

ਰਮਨ : ਪਿੰਡਾਂ ਵਿੱਚ ਅਸੀਂ ਜਿਹੜਾ ਤਮਾਸ਼ਾ ਲੈ ਕੇ ਜਾਵਾਂਗੇ, ਉਸਦੇ ਵਿਸ਼ੇ ਬਾਰੇ ਸਾਨੂੰ ਖਾਸ ਧਿਆਨ ਰੱਖਣਾ ਪਏਗਾ। ਕੀ ਇਹ ਨਾਟਕ ਪਿੰਡਾਂ ਵਿੱਚ ਖੇਡਿਆ ਜਾ ਸਕਦਾ ਹੈ ਜਾਂ ਨਹੀਂ? ਹੋਰ ਤਕਰੀਰਾਂ ਵਾਲੇ ਨਾਟਕ ਅਸੀਂ ਪਿੰਡਾਂ ਵਿੱਚ ਨਹੀਂ ਕਰ ਸਕਦੇ। ਜਿਨਸੀ ਮੁੱਦੇ ਜਾਂ ਅਜਿਹੇ ਹੋਰ ਨਾਟਕ ਜਿਹੜੇ ਪੇਂਡੂ ਸਮਾਜ ਦੇ ਮੇਚ ਨਹੀਂ ਆਉਂਦੇ ਜਿਹੜੇ ਕਿ ਅਸੀਂ ਸ਼ਹਿਰਾਂ ਦੇ ਪੜ੍ਹੇ ਲਿਖੇ ਦਰਸ਼ਕਾਂ ਦੇ ਸਾਹਮਣੇ ਕਰ ਸਕਦੇ ਹਾਂ, ਅਸੀਂ ਪਿੰਡਾਂ ਵਿੱਚ ਨਹੀਂ ਕਰ ਸਕਦੇ। ਇਹ ਤਾਂ ਹੋ ਸਕਦਾ ਹੈ ਕਿ ਜਿਹੜੇ ਨਾਟਕ ਪਿੰਡਾਂ ਦੇ ਅਨੁਕੂਲ ਹੁੰਦੇ ਹਨ ਉਹ ਸ਼ਹਿਰਾਂ ਦੇ ਅਨੁਕੂਲ ਵੀ ਹੋਣ ਪਰ ਕਈ ਵਾਰੀ ਸ਼ਹਿਰਾਂ ਵਿੱਚ ਖੇਡੇ ਜਾਂਦੇ ਨਾਟਕ ਪਿੰਡਾਂ ਦੇ ਅਨੁਕੂਲ ਨਹੀਂ ਹੁੰਦੇ।

? : ਪੰਜਾਬੀ ਥੀਏਟਰ ਉਪਰ ਧਾਰਮਿਕ, ਵਪਾਰਿਕ ਅਤੇ ਸਿਆਸੀ ਅਦਾਰਿਆਂ (ਸਮੇਤ ਹੁਣ ਤੱਕ ਬਣੀਆਂ ਸਰਕਾਰਾਂ) ਵੱਲੋਂ ਕਿਸ ਕਿਸਮ ਦੀਆਂ ਬੰਦਸ਼ਾਂ ਲਾਈਆਂ ਗਈਆਂ ਹਨ ਅਤੇ ਕਿਸ ਤਰ੍ਹਾਂ ਦੀਆਂ ਖੁੱਲ੍ਹਾਂ ਦਿੱਤੀਆਂ ਗਈਆਂ ਹਨ। ਇਸਦੇ ਨਾਲ ਹੀ ਇਹਨਾਂ ਵਿੱਚੋਂ ਕਿਸੇ ਅਦਾਰੇ ਜਾਂ ਅਦਾਰਿਆਂ ਨੇ ਵੀ ਪੰਜਾਬੀ ਥੀਏਟਰ ਨੂੰ ਅੱਗੇ ਵਿਕਾਸ ਲਈ ਵੱਧ ਹਿੱਸਾ ਪਾਇਆ?

ਰਮਨ : ਮੈਂ ਸਮਝਦਾ ਹਾਂ ਕਿ ਪੰਜਾਬੀ ਥੀਏਟਰ ਅਜੇ ਤੱਕ ਸਤ੍ਹਾਰਵੀਂ ਸਦੀ ਦੇ ਇੰਗਲੈਂਡ ਵਾਂਗ ਚਰਚ ਦੀ ਰੋਕ ਨਾਲ ਹੀ ਚਿਪਕਿਆ ਹੋਇਆ ਹੈ। ਸਾਨੂੰ ਆਸਰਾ ਲੈਣਾ ਪੈਂਦਾ ਹੈ। ਪੰਜਾਬੀ ਵਿੱਚ ਜੇ ਅਸੀਂ ਇਤਿਹਾਸਕ ਗੱਲ ਹੀ ਕਰਨੀ ਚਾਹੀਏ ਤਾਂ ਉਹ ਵੀ ਬਹੁਤ ਵਾਰੀ ਸਿੱਖ ਧਰਮ ਉਪਰ ਹੀ ਆ ਜਾਂਦੀ ਹੈ। ਮੈਂ ਸਮਝਦਾ ਹਾਂ ਗੁਰਸ਼ਰਨ ਸਿੰਘ ਹੁਰਾਂ ਇਸ ਵਿੱਚ ਵਧੀਆ ਤਜਰਬੇ ਕੀਤੇ ਹਨ। ਉਨ੍ਹਾਂ ਨੇ ਸਿੱਖ ਧਰਮ ਦੀ ਗੱਲ ਕਰਕੇ ਨਾਲ ਦੀ ਨਾਲ ਸਮਕਾਲੀਨ ਅਸਲੀਅਤਾਂ ਨੂੰ ਜਿਸਮਾਉਣ ਦਾ ਯਤਨ ਕੀਤਾ ਹੈ ਫਿਰ ਵੀ ਮੇਰੇ ਖਿਆਲ ਵਿੱਚ ਅਜੇ ਵੀ ਪੰਜਾਬੀ ਥੀਏਟਰ ਵਿੱਚ ਧਾਰਮਿਕ ਅਦਾਰਿਆਂ ਦਾ ਦਬਾਅ ਵੀ ਹੈ ਅਤੇ ਵਿਰੋਧਤਾ ਵੀ। ਇਹ ਵਰਤਣ ਉਪਰ ਨਿਰਭਰ ਕਰਦਾ ਹੈ। ਜਦੋਂ ਤਾਂ ਉਹਨਾਂ ਨੂੰ ਥੀਏਟਰ ਨੂੰ ਵਰਤਣ ਦੀ ਲੋੜ ਹੁੰਦੀ ਹੈ ਉਦੋਂ ਇਹ ਇਸਨੂੰ ਵਰਤ ਲੈਂਦੇ ਹਨ ਭਾਵੇਂ ਕਈ ਵਾਰੀ ਅਸੀਂ ਇਸ ਵਿੱਚ ਆਪਣੀ ਗੱਲ ਕਹਿ ਰਹੇ ਹੋਈਏ। ਪਰ ਕਈ ਵਾਰੀ ਉਹ ਇਸਦੀ ਵਿਰੋਧਤਾ ਕਰਦੇ ਹਨ। ਜਿਵੇਂ ਹੁਣ 'ਰਾਣੀ ਜਿੰਦਾਂ' ਦੀ ਪਹਿਲਾਂ ਡਾ. ਹਰਚਰਨ ਸਿੰਘ ਦੀ ਇੰਟ ਦੀ ਸਾਰ ਹੈ, ਮੇਰੇ ਆਪਣੇ ਨਾਟਕ 'ਸਰਘ ਦਾ ਵਤਨ' ਦੀ ਉਨ੍ਹਾਂ ਕਾਫੀ ਵਿਰੋਧਤਾ ਕੀਤੀ ਹੈ ਅਤੇ ਜਿਥੇ ਉਹਨਾਂ ਨੂੰ ਲੋੜ ਪਈ ਧਾਰਮਿਕ ਅਦਾਰੇ ਇਨ੍ਹਾਂ ਨਾਟਕਾਂ ਨੂੰ ਵਰਤਦੇ ਵੀ ਰਹੇ ਹਨ। ਮੋਟੇ-ਤੌਰ ਕਰਕੇ ਆਪਾਂ ਇਹ ਕਹਿ ਸਕਦੇ ਹਾਂ ਕਿ ਧਾਰਮਿਕ ਅਦਾਰਿਆਂ ਦਾ ਨਾਟਕ ਨੂੰ ਅੱਗੇ ਵਿਕਾਸ ਵਿੱਚ ਵੀ ਰੋਲ ਹੈ ਅਤੇ ਇਸਦੀ ਵਿਰੋਧਤਾ ਕਰਨ ਵਿੱਚ ਵੀ। ਇਸਤੋਂ ਬਾਅਦ ਗੱਲ ਸਰਕਾਰ ਦੀ ਆਉਂਦੀ ਹੈ। ਸਰਕਾਰ ਨੇ ਇੱਕ ਰੈਪਰਟਰੀ ਬਣਾਈ ਸੀ। ਜੋ ਸਰਕਾਰ ਦੀ ਮਰਜ਼ੀ ਹੁੰਦੀ ਉਸ ਵਿੱਚ ਤਮਾਸ਼ੇ ਹੋਣ ਦਿੰਦੀ ਨਹੀਂ ਤਾਂ ਨਹੀਂ। ਅਖੀਰ ਵਿੱਚ ਉਹ ਤੋੜ ਦਿੱਤੀ ਗਈ ਸਾਡੇ ਕੁਝ ਲੋਕਾਂ ਨੇ ਜਿਹੜੇ ਥੀਏਟਰ ਲਈ ਕੁਝ ਕਰਨਾ ਚਾਹੁੰਦੇ ਸੀ ਜਿਵੇਂ ਡਾਕਟਰ ਹਰਚਰਨ ਸਿੰਘ, ਐਚ.ਐਸ. ਭੱਟੀ ਅਤੇ ਕੁਝ ਹੋਰਾਂ ਸਰਕਾਰ ਕੋਲ ਗਰਾਂਟਾਂ ਦੇਣਾ ਲਈ ਪਹੁੰਚ ਕੀਤੀ। ਸਰਕਾਰ ਦੀ ਪਹੁੰਚ ਕਰਨ ਤੇ ਹੀ ਕੰਮ ਦਿੰਦੀ ਹੈ। ਇਸ ਤੋਂ ਇਲਾਵਾ ਭਾਵੇਂ ਕੋਈ ਵੀ ਸਰਕਾਰ ਹੋਵੇ ਜੇ ਉਸ ਕੋਲ ਪਹੁੰਚ ਨਾ ਕੀਤੀ ਜਾਵੇ ਅਸੀਂ ਉਸਨੂੰ ਥੀਏਟਰ ਦੇ ਹਿੱਤ ਲਈ ਨਹੀਂ ਵਰਤ ਸਕਦੇ ਜਿਵੇਂ ਕਿ ਅਜੇ ਤੱਕ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਸਪਸ਼ਟ ਤੌਰ ਥੀਏਟਰ ਉੱਪਰ

ਫੈਕਟ ਮੁਤਾਬਕ ਦਾ ਐਲਾਨ ਨਹੀਂ ਕੀਤਾ। ਤੀਸਰੀ ਗੱਲ ਹੈ ਸਿਆਸਤ ਦੀ। ਸਿਆਸੀ ਤੌਰ ਤੇ ਮੈਂ ਸਮਝਦਾ ਹਾਂ ਪਿਛਲੇ ਸਮੇਂ ਵਿੱਚ ਕਮਿਊਨਿਸਟ ਨਾਟਕ ਟੋਲਿਆਂ ਅਤੇ ਕਮਿਊਨਿਸਟਾਂ ਨੇ ਨਾਟਕ ਵਿੱਚ ਕਾਫੀ ਰੋਲ ਅਦਾ ਕੀਤਾ ਹੈ ਜਿਹੜੇ ਰੀਐਕਸ਼ਨ ਵਿੱਚ ਪੰਜਾਬ ਸਰਕਾਰ ਨੇ ਉਦੋਂ ਲੋਕ ਸੰਪਰਕ ਵਿਭਾਗ ਕਾਇਮ ਕੀਤਾ। ਪਰ ਲੋਕ ਸੰਪਰਕ ਵਿਭਾਗ ਦੇ ਟੋਲਿਆਂ ਕੋਲ ਲੋਕਾਂ ਦੀ ਮੌਜੂਦਾ ਹਾਲਤ ਬਾਰੇ ਕਹਿਣ ਲਈ ਕੋਈ ਗਲ ਨਹੀਂ ਹੈ। ਸਰਕਾਰ ਦੀ ਵਿਰੋਧਤਾ, ਆਲੋਚਨਾ ਜਾਂ ਉਸ ਉਪਰ ਵਿਅੰਗ ਕਰਨ ਦੀ ਉਨ੍ਹਾਂ ਕੋਲ ਆਸ ਹੀ ਨਹੀਂ ਰੱਖੀ ਜਾ ਸਕਦੀ। ਕਿਉਂਕਿ ਲੋਕ ਇਸ ਸਮੇਂ ਕਾਫੀ ਸੰਕਟ ਭਰਿਆ ਜੀਵਨ ਜੀ ਰਹੇ ਹਨ, ਇਸ ਲਈ ਕਮਿਊਨਿਸਟ ਨਾਟਕ ਟੋਲੇ ਲੋਕਾਂ ਦੀ ਗੱਲ ਕਰਕੇ ਨਾਟਕ ਲਈ ਜ਼ਿਆਦਾ ਕੰਮ ਕਰ ਰਹੇ ਹਨ ਭਾਵੇਂ ਉਹ ਸੀ.ਪੀ. ਆਈ. ਸੀ.ਪੀ. ਐਮ ਜਾਂ ਸੀ.ਪੀ. ਐਮ. ਐਲ ਦੇ ਹਨ। ਉਹਨਾ ਨੇ ਸ਼ੁਰੂ ਤੋਂ ਹੀ ਨਾਟਕਾਂ ਨੂੰ ਆਪਣੀ ਗੱਲ ਕਹਿਣ ਦਾ ਵੱਡਾ ਮਾਧਿਅਮ ਬਣਾਇਆ। ਉਨ੍ਹਾਂ ਨਾਲ ਸਬੰਧਤ ਸਿਆਸੀ ਅਦਾਰੇ ਉਨ੍ਹਾਂ ਨੂੰ ਆਪਣੀ ਆਪਣੀ ਵਿਤ ਮੁਤਾਬਕ ਇਨ੍ਹਾਂ ਨਾਟਕ ਟੋਲਿਆਂ ਨੂੰ ਮਦਦ ਦਿੰਦੇ ਹਨ ਪਰ ਇਹ ਸਹਾਇਤਾ ਉਨ੍ਹਾਂ ਦੇ ਆਪਣੇ ਨਾਟਕ ਟੋਲਿਆਂ ਤੱਕ ਹੀ ਸੀਮਤ ਹੈ। ਪ੍ਰਗਤੀਸ਼ੀਲ ਤੌਰ ਤੇ ਕੁਝ ਖੱਬੇ ਪੱਖੀ ਵੀਰਿਆਂ ਨੇ ਕੋਸ਼ਿਸ਼ ਕੀਤੀ ਹੈ ਕਿ 'ਇਪਟਾ' ਨੂੰ ਫੇਰ ਉਜਾਗਰ ਕੀਤਾ ਜਾਵੇ ਲੇਕਿਨ ਉਸ ਵਿੱਚ ਵੀ ਅਸੀਂ ਕੋਈ ਖਾਸ ਕੰਮ ਨਹੀਂ ਕਰ ਸਕੇ। ਮੈਂ ਇਪਟਾ ਦਾ ਜਨਰਲ ਸਕੱਤਰ ਹੁੰਦੇ ਹੋਏ ਇਹ ਗੱਲ ਕਹਿੰਦਾ ਹਾਂ ਅਸੀਂ ਕੋਸ਼ਿਸ਼ ਕਰ ਰਹੇ ਹਾਂ ਪਰ ਖੱਬੇ ਪੱਖੀ ਲੋਕਾਂ ਵਿੱਚ ਫੁੱਟ ਕਾਰਨ ਅਸੀਂ ਕੋਈ ਖਾਸ ਕੰਮ ਨਹੀਂ ਕਰ ਸਕੇ। ਇਕੱਲੇ ਦੁਕੱਲੇ ਗਰੁੱਪ ਦੇ ਯਤਨ ਭਾਵੇਂ ਕਿਸੇ ਰੂਪ ਵਿੱਚ ਹਨ ਉਹ ਜ਼ਿਆਦਾ ਹਨ ਜਿਵੇਂ ਕੋਈ ਗਰੁੱਪ ਹਿੰਮਤ ਕਰਕੇ ਗਰਾਂਟ ਵਗੈਰਾ ਲੈ ਲੈਂਦਾ ਹੈ, ਜਿਸ ਗਰੁੱਪ ਦਾ ਨਾਂ ਦਿਖਦਾ ਹੋਵੇ, ਉਸਨੂੰ ਸਪੌਂਸਰਸ਼ਿਪ ਮਿਲ ਜਾਂਦੀ ਹੈ। ਪਹਿਲਾਂ ਦੱਸੇ ਕੁਝ ਕੁ ਅਦਾਰਿਆਂ ਤੋਂ ਬਿਨਾਂ ਬਾਕੀ ਸਿਆਸੀ, ਧਾਰਮਿਕ ਅਤੇ ਸਰਕਾਰੀ ਅਦਾਰੇ ਥੀਏਟਰ ਲਈ ਉਚੇਚੇ ਤੌਰ ਤੇ ਕੁਝ ਨਹੀਂ ਕਰ ਰਹੇ। ਉਹ ਆਪਣੀ ਲੋੜ ਮੁਤਾਬਿਕ ਥੀਏਟਰ ਨੂੰ ਵਰਤਦੇ ਹਨ।

? : ਕੁਝ ਲੋਕ ਇਸ ਖਿਆਲ ਦੇ ਹਨ ਕਿ ਸਾਹਿਤ, ਥੀਏਟਰ ਜਾਂ ਕਿਸੇ ਵੀ ਕਲਾ ਨੂੰ ਸਿਆਸਤ ਲਈ ਵਰਤਣਾ ਕੋਈ ਮਾੜੀ ਗੱਲ ਨਹੀਂ। ਦੂਜੇ ਪਾਸੇ ਕੁਝ ਲੋਕ ਇਸ ਖਿਆਲ ਦੇ ਹਨ ਕਿ ਕਿਸੇ ਵੀ ਕਿਸਮ ਦੀ ਕਲਾ ਨੂੰ ਸਿਆਸਤ ਤੋਂ ਜਿੰਨਾਂ ਦੂਰ ਰੱਖਿਆ ਜਾ ਸਕੇ ਰੱਖਣਾ ਚਾਹੀਦਾ ਹੈ। ਤੁਹਾਡੇ ਖਿਆਲ ਵਿੱਚ ਸਿਆਸਤ ਅਤੇ ਥੀਏਟਰ ਦਾ ਕਿਸ ਤਰ੍ਹਾਂ ਦਾ ਰਿਸ਼ਤਾ ਹੋਣਾ ਚਾਹੀਦਾ ਹੈ ?

ਦਮਨ : ਥੀਏਟਰ ਤਾਂ ਇੱਕ ਮਾਧਿਅਮ ਹੈ। ਉਸਨੂੰ ਆਪਾਂ ਸਾਹਿਤ ਦਾ ਇੱਕ ਹਿੱਸਾ ਕਹਿ ਸਕਦੇ ਹਾਂ। ਸਾਹਿਤ ਦੀ ਨਾਟਕ ਫਾਰਮ ਨੂੰ ਥੀਏਟਰ ਪੇਸ਼ ਕਰਦਾ ਹੈ। ਜਿਵੇਂ ਵਾਰਤਕ ਨੂੰ ਆਦਮੀ ਕਿਤਾਬ ਰਾਹੀਂ ਪੜ੍ਹ ਲੈਂਦਾ ਹੈ ਉਵੇਂ ਹੀ ਥੀਏਟਰ ਨਾਟਕ ਨੂੰ ਲੋਕਾਂ ਸਾਹਮਣੇ ਲਿਆਉਂਦਾ ਹੈ। ਸਾਹਿਤ ਅੰਦਰ ਸ਼ੁਰੂ ਤੋਂ ਸਿਆਸਤ ਦਾ ਦਖਲ, ਜਾਂ ਸਿਆਸੀ ਗੱਲ ਕਹਿਣ ਦੀ ਰਵਾਇਤ ਸਦਾ ਹੀ ਚੱਲੀ ਆਈ ਹੈ। ਸਾਡੇ ਓਰੀਐਂਟਲ ਸਾਹਿਤ ਨੂੰ ਲਵੋ ਉਸ ਵਿੱਚ ਵੀ ਸਮੇਂ ਸਮੇਂ ਸਿਆਸੀ ਗੱਲਾਂ ਕਹੀਆਂ ਗਈਆਂ ਹਨ। ਭਾਵੇਂ ਤੁਸੀਂ ਸਪੱਸ਼ਟ ਤੌਰ ਤੇ ਗੱਲ ਆਖੋ ਭਾਵੇਂ ਅਸਿੱਧੇ ਤੌਰ ਤੇ ਜ਼ਿੰਦਗੀ ਦੀ ਕੋਈ ਗੱਲ ਕਹੀ ਜਾਂਦੀ ਹੈ ਜਾਂ ਤਾਂ ਉਹ ਕਿਸੇ ਸਿਆਸੀ ਮਸਲੇ ਨੂੰ ਲੈ ਕੇ ਤੁਰ ਰਹੀ ਹੁੰਦੀ ਹੈ ਜਾਂ ਕਿਸੇ ਨੂੰ 'ਇਗਨੋਰ' ਕਰ ਰਹੀ ਹੁੰਦੀ ਹੈ। ਇਸ ਲਈ ਸਿਆਸਤ ਨੂੰ ਅਸੀਂ ਸਾਹਿਤ ਜਾਂ ਰੰਗਮੰਚ ਤੋਂ ਅਲੱਗ ਨਹੀਂ ਕਰ ਸਕਦੇ। ਜਦੋਂ ਕੋਈ ਗੱਲ ਸਾਹਿਤ ਜਾਂ ਰੰਗਮੰਚ ਰਾਹੀਂ ਕਹੀ ਜਾਂਦੀ ਹੈ। ਉਸ ਵਿੱਚ ਸਿਆਸਤ ਜ਼ਰੂਰ ਹੁੰਦੀ ਹੈ ਬੇਸ਼ਕ ਕੋਈ ਕਿੰਨਾ ਵੀ [illegible] ਪਾਵੇ ਕਿ ਇਸ ਵਿੱਚ ਸਿਆਸਤ ਨਹੀਂ ਹੈ। ਸਾਹਿਤ ਜਾਂ ਰੰਗਮੰਚ ਸਦਾ ਹੀ ਕਿਸੇ ਨਾ ਕਿਸੇ ਸਿਆਸਤ ਦਾ ਜਾਂ ਤਾਂ ਸਮਰਥਨ ਕਰ ਰਿਹਾ ਹੁੰਦਾ ਹੈ ਜਾਂ ਖੰਡਨ। ਜਦੋਂ ਤੁਸੀਂ ਸਚੇਤ ਤੌਰ ਤੇ ਕਿਸੇ ਚੀਜ਼ ਨੂੰ ਸਿਆਸਤ ਤੋਂ ਵੱਖ ਕਰਨ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹੋ, ਉਹ ਵੀ ਇੱਕ ਸਿਆਸਤ ਹੁੰਦੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਸਿਆਸਤ ਨੂੰ ਸਾਹਿਤ ਜਾਂ ਰੰਗਮੰਚ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਥੀਏਟਰ ਜਿੰਨਾਂ ਕੁ ਸਿਆਸੀ ਤੌਰ ਤੇ ਚੇਤੰਨ ਹੋਵੇਗਾ ਉਨੀ ਗੱਲ ਜ਼ਰੂਰ ਕਰੇਗਾ। ਫਰਕ ਸਿਰਫ ਏਨਾ ਹੋਵੇਗਾ ਕਿ ਕੀ ਉਹ ਕਲਾਤਮਕ ਢੰਗ ਨਾਲ ਗੱਲ ਕਰ ਰਿਹਾ ਹੈ ਜਾਂ ਪ੍ਰਚਾਰ ਕਰ ਰਿਹਾ ਹੈ। ਕਲਾਤਮਕ ਢੰਗ ਨਾਲ ਕਹੀ ਗਲ ਜ਼ਿਆਦਾ ਅਸਰ ਕਰਦੀ ਹੈ

? : ਜਦੋਂ ਤੁਸੀਂ ਕੋਈ ਡਰਾਮਾਂ ਸਟੇਜ ਕਰਨ ਲਈ ਚੁਣਦੇ ਹੋ ਤਾਂ ਤੁਸੀਂ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਦੇ ਹੋ। ਤੁਹਾਡੇ ਕੋਲ ਕਿਹੜੀਆਂ 'ਗਾਈਡਲਾਈਨਜ਼' ਹੁੰਦੀਆਂ ਹਨ ਜਿਨ੍ਹਾਂ ਉੱਪਰ 'ਬੇਸ' ਕਰਕੇ ਤੁਸੀਂ ਡਰਾਮਾਂ ਚੁਣਦੇ ਹੋ ?

ਦਮਨ : ਸਭ ਤੋਂ ਪਹਿਲਾਂ ਮੈਂ ਨਾਟਕ ਦੇ ਵਿਸ਼ੇ ਬਾਰੇ ਸੋਚਦਾ ਹਾਂ। ਮੈਂ ਸੋਚਦਾ ਹਾਂ ਕਿ ਕੀ ਇਹ ਨਾਟਕ ਸਮਾਜ ਜਾਂ ਮਨੁੱਖੀ ਜ਼ਿੰਦਗੀ ਨੂੰ ਅੱਗੇ ਲਿਜਾਣ ਲਈ ਮਦਦ ਕਰੇਗਾ ਕਿ ਨਹੀਂ। ਕੀ ਇਸ ਵਿੱਚ ਕੋਈ ਸੁਨੇਹਾ ਹੈ? ਜੇ ਇਹ ਚੀਜ਼ਾਂ ਹਨ ਫਿਰ ਮੈਂ ਵੇਖਦਾ ਹਾਂ ਕਿ ਕੀ ਇਸ ਵਿੱਚ ਕਲਾ ਹੈ? ਤੀਸਰੀ ਜਾਂ ਚੌਥੀ ਗੱਲ ਇਹ ਆਉਂਦੀ ਕਿ ਕੀ ਮੈਂ ਇਸਨੂੰ ਉਨਾਂ ਪੈਸਿਆਂ ਸੰਗ ਸਟੇਜ ਕਰ ਸਕਦਾ ਹਾਂ ਜਿੰਨੇ ਕੁ ਮੇਰੇ ਹਨ। ਕੀ ਉਨੇ ਕਲਾਕਾਰ ਮੈਨੂੰ ਮਿਲ ਸਕਦੇ ਹਨ ਜਿੰਨੇ ਇਸ ਡਰਾਮਾਂ ਖੇਡਣ ਲਈ ਚਾਹੀਦੇ ਹਨ? ਕਈ ਵਾਰੀ ਚੰਗੇ ਨਾਟਕ ਸਾਨੂੰ ਇਸ ਲਈ ਰੱਦ ਕਰਨੇ ਪੈਂਦੇ ਹਨ ਕਿਉਂਕਿ ਸਾਡੇ ਕੋਲ ਲੋੜੀਂਦਾ ਪੈਸਾ ਨਹੀਂ ਹੁੰਦਾ। ਜੋ ਕੋਈ ਵੀ ਡਰਾਮਾ ਚੁਣਣ ਸਮੇਂ ਮੈਂ ਇਹਨਾਂ ਪੱਖਾਂ ਨੂੰ ਸਾਹਮਣੇ ਰੱਖਦਾ ਹਾਂ। ਮੈਂ ਇਸ ਬਾਰੇ ਸਦਾ ਹੀ ਸੁਚੇਤ ਹੁੰਦਾ ਹਾਂ ਕਿ ਲੇਖਕ ਇਸ ਨਾਟਕ ਵਿੱਚ ਕੀ ਕਹਿਣਾ ਚਾਹੁੰਦਾ ਹੈ। ਕੀ ਉਹ ਨਾਟਕ ਮੇਰੀ 'ਕੁਮਿਟਮੈਂਟ' — ਕਿ ਥੀਏਟਰ ਮਨੁੱਖੀ ਜ਼ਿੰਦਗੀ ਲਈ ਹੋਣਾ

ਚਾਹੀਦਾ ਹੈ, ਉਸ ਵਿੱਚ ਮਨੁੱਖਤਾ ਲਈ ਕੋਈ ਸੁਨੇਹਾ ਹੈ ਜਾਂ ਕਿ ਉਸ ਵਿੱਚ ਕੋਈ 'ਪ੍ਰੋਗਰੈਸਿਵ' ਗੱਲ ਹੈ ਕਿ ਨਹੀਂ - ਦੇ ਮੁਤਾਬਿਕ ਹੈ ਜਾਂ ਨਹੀਂ। ਸਦਾ ਹੀ ਨਾਟਕ ਦਾ ਵਿਸ਼ਾ ਮੇਰੇ ਲਈ ਪਹਿਲੀ ਗੱਲ ਹੈ ਦੂਜੀਆਂ ਗੱਲਾਂ ਬਾਅਦ ਵਿੱਚ ਆਉਂਦੀਆਂ ਹਨ।

? : ਕੀ ਤੁਸੀਂ ਜਾਂ ਪੰਜਾਬ ਦੇ ਹੋਰ ਤਮਾਮ ਗਰੁੱਪ ਥੀਏਟਰ ਵਿੱਚ ਨਵੀਆਂ ਟੈਕਨੀਕਾਂ ਅਪਣਾ ਰਹੇ ਹੋ ਜਾਂ ਰਵਾਇਤੀ ਟੈਕਨੀਕਾਂ ਤੇ ਹੀ ਟਿਕਿਆ ਜਾ ਰਿਹਾ ਹੈ ?

ਰਮਨ : ਗੱਲ ਇਹ ਕਿ ਸਾਡੇ ਕੋਲ ਕੋਈ ਰਵਾਇਤੀ ਥੀਏਟਰ ਤਾਂ ਹੈ ਹੀ ਨਹੀਂ। ਸਾਡੇ ਕੋਲ ਨਕਲਾਂ ਹੁੰਦੀਆਂ ਸਨ। ਨਕਲਾਂ ਵਾਲੇ ਬਹੁਤੇ ਲੋਕ ਪਾਕਿਸਤਾਨ ਚਲੇ ਗਏ ਹਨ। ਨਕਲ ਸਟਾਇਲ ਨੂੰ ਸਟੱਡੀ ਕਰਕੇ ਅਸੀਂ ਲੋਕ ਥੀਏਟਰ ਉਸਾਰਨ ਕਰ ਸਕਦੇ ਹਾਂ। ਤੇ ਸਕਦਾ ਹੈ ਕੁੱਝ ਨਾਂ ਕੁੱਝ ਉਨ੍ਹਾਂ ਬਰਕਰਾਰ ਰੱਖਿਆ ਜਾ ਸਕੇ। ਬਾਕੀ ਜਿਸ ਤਰ੍ਹਾਂ ਲੋਕਾਂ ਦੀ ਬੌਧਿਕ ਪੱਧਰ ਵਿੱਚ ਫਰਕ ਪਿਆ ਹੈ ਜਾਂ ਪੈ ਰਿਹਾ ਹੈ, ਮੈਂ ਨਹੀਂ ਸਮਝਦਾ ਕਿ ਜ਼ਰੂਰੀ ਹੀ ਗੱਲ ਨਕਲਾਂ ਰਾਹੀਂ ਕਹੀ ਜਾਵੇ। ਸਾਨੂੰ ਪੱਛਮ ਦੀਆਂ ਟੈਕਨੀਕਾਂ ਅਪਨਾਉਣ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਪੰਜਾਬ ਵਿੱਚ ਕੋਈ ਵੀ ਰਵਾਇਤੀ ਥੀਏਟਰ ਨਹੀਂ। ਭਾਵੇਂ ਕਿ ਇਸ ਗੱਲ ਦੀ ਲੋੜ ਹੈ ਕਿ ਅਸੀਂ ਆਪਣੀ ਰਵਾਇਤ ਲੱਭੀਏ, ਜਿਵੇਂ ਗੁਜਰਾਤ ਵਾਲਿਆਂ ਦਾ 'ਭਵਾਈ' ਹੈ, ਮਹਾਂਰਾਸ਼ਟਰ ਵਾਲਿਆਂ ਦਾ 'ਤਮਾਸ਼ਾ' ਹੈ ਬੰਗਾਲ ਵਾਲਿਆਂ ਦੀ 'ਜਾਤਰਾ' ਹੈ, ਕਿਸੇ ਦਾ ਸਾਂਗ ਨਾਚ ਹੈ, ਦੱਖਣ ਵਾਲਿਆਂ ਦਾ 'ਕਥਕ' ਹੈ। ਸਾਡੇ ਕੋਲ ਇਸ ਤਰ੍ਹਾਂ ਦੀ ਕੋਈ ਸ਼ੈ ਨਹੀਂ ਜੋ ਅਸੀਂ ਦੇ ਸਕੀਏ। ਇਹ ਗੱਲ ਤਾਂ ਰਵਾਇਤੀ ਥੀਏਟਰ ਬਾਰੇ ਹੈ।

ਦੂਸਰੀ ਗੱਲ ਜਿਹੜੀ ਹੈ ਉਹ ਇਹ ਹੈ ਕਿ ਜਿਹੜੀ ਵੀ ਟੈਕਨੀਕ ਭਾਵੇਂ ਉਹ ਪੱਛਮ ਦੀ ਹੈ, ਜਪਾਨ ਦੀ ਹੈ ਜਾਂ ਸਾਡੇ ਆਪਣੇ ਸੰਸਕ੍ਰਿਤ ਨਾਟਕ ਵਾਲੀ ਹੈ ਜਾਂ ਬਰੈਖਤ ਦੀ ਹੈ, ਜੇ ਉਹ ਸਾਡੇ ਨਾਟਕਾਂ ਦੇ ਅਨੁਕੂਲ ਹੈ ਅਤੇ ਜਿਸ ਰਾਹੀਂ ਨਾਟਕ ਵਧੀਆ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਉਹ ਵਰਤ ਲੈਣੀ ਚਾਹੀਦੀ ਹੈ। ਪੰਜਾਬੀ ਥੀਏਟਰ ਪੱਛਮੀ ਪ੍ਰਭਾਵ ਹੇਠਾਂ ਹੀ ਸਾਹਮਣੇ ਆਇਆ ਹੈ ਜਿਵੇਂ ਕਿ ਨੋਰਾ ਰਿਚਰਡ ਨੇ, ਜਿਹੜੀ ਇੱਕ ਪੱਛਮੀ ਔਰਤ ਸੀ ਅਤੇ ਉਸ ਪੱਛਮੀ ਢੰਗ ਨਾਲ ਪੰਜਾਬੀ ਥੀਏਟਰ ਸ਼ੁਰੂ ਕੀਤਾ। ਪੰਜਾਬ ਵਿੱਚ ਕੋਈ ਸਾਡਾ ਆਪਣਾ ਰਵਾਇਤੀ ਥਿਏਟਰ ਨਾਂ ਹੋਣ ਕਰਕੇ ਸਾਨੂੰ ਚਾਹੀਦਾ ਹੈ ਕਿ ਜਿਹੜੀ ਵੀ ਤਕਨੀਕ ਵਰਤਕੇ ਗੱਲ ਲੋਕਾਂ ਤੱਕ ਵਧੀਆ ਢੰਗ ਨਾਲ ਪੁਚਾਈ ਜਾ ਸਕਦੀ ਹੋਵੇ ਉਹ ਵਰਤ ਲੈਣੀ ਚਾਹੀਦੀ ਹੈ। ਮੈਂ ਇਸ ਦੇ ਹੱਕ ਵਿੱਚ ਹਾਂ।

? : ਇਸ ਸਮੇਂ ਪੰਜਾਬੀ ਥੀਏਟਰ ਤੁਹਾਡੇ ਖਿਆਲ ਮੁਤਾਬਿਕ ਹਿੰਦੋਸਤਾਨ ਦੀਆਂ ਬਾਕੀ ਜ਼ਬਾਨਾਂ ਅਤੇ ਸੰਸਾਰ ਦੀਆਂ ਦੂਜੀਆਂ ਜ਼ਬਾਨਾਂ ਦੇ ਮੁਕਾਬਲੇ ਤੇ ਕਿਥੇ ਖੜ੍ਹਾ ਹੈ ?

ਰਮਨ : ਮੈਂ ਦੁਨੀਆਂ ਵਿੱਚ ਕੋਈ ਬਹੁਤਾ ਥੀਏਟਰ ਨਹੀਂ ਵੇਖਿਆ। ਪੜ੍ਹਿਆ ਹੈ। ਜਾਂ ਦੁਨੀਆਂ ਦਾ ਥੀਏਟਰ ਜਿੰਨਾਂ ਕੁ ਚੰਡੀਗੜ੍ਹ ਆਉਂਦਾ ਰਹਿੰਦਾ ਹੈ ਜਿਵੇਂ 'ਰੂਸੀ ਰਸਾਇਣ'' ਆਈ ਸੀ ਜਾਂ ਕੁਝ ਫ਼ਰਾਂਸ ਤੋਂ ਆਈ ਸੀ। ਇੰਗਲੈਂਡ ਤੋਂ ਵੀ ਆਉਂਦੇ ਰਹਿੰਦੇ ਹਨ। ਜਿੱਥੋਂ ਤੱਕ ਵੇਖਦੇ ਹਾਂ ਉਨ੍ਹਾਂ ਕੋਲ ਤਕਨੀਕ ਤੇ ਪੈਸਾ ਹੋਣ ਕਰਕੇ 'ਹੋਲਟਾਇਜ਼ਮ' ਹੋਣ ਕਰਕੇ ਉਨ੍ਹਾਂ ਲੋਕਾਂ ਦੀ ਮਿਹਨਤ ਬਹੁਤ ਜ਼ਿਆਦਾ ਕੀਤੀ ਹੋਈ ਹੁੰਦੀ ਹੈ। ਬਾਕੀ ਅਜਿਹੀ ਕੋਈ ਗੱਲ ਨਹੀਂ ਕਿ ਅਸੀਂ ਉਨ੍ਹਾਂ ਦੇ ਮੁਕਾਬਲੇ ਦਾ ਥੀਏਟਰ ਨਹੀਂ ਪੇਸ਼ ਕਰ ਸਕਦੇ।

ਦੂਜੀ ਗੱਲ ਇਹ ਹੈ ਕਿ ਇਕੱਲਾ ਥੀਏਟਰ ਆਪਣੇ ਆਪ ਕੁਝ ਨਹੀਂ ਕਰ ਸਕਦਾ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਸਾਡੇ ਕੋਲ ਨਾਟਕਕਾਰ ਪਾਇਦਾਰ ਨਹੀਂ ਹਨ। ਇਹ ਗੱਲ ਮੈਂ ਪਹਿਲਾਂ ਵੀ ਬਹੁਤ ਵਾਰੀ ਕਹੀ ਹੈ, ਅਤੇ ਅੱਜ ਫੇਰ ਤੁਹਾਡੇ ਨਾਲ ਸਾਂਝੀ ਕਰਦਾ ਹਾਂ। ਥੀਏਟਰ ਤਾਂ ਇੱਕ ਮਾਧਿਅਮ ਹੈ, ਇਸ ਰਾਹੀਂ ਨਾਟਕ ਜਿਹੋ ਜਿਹਾ ਹੋਵੇਗਾ ਉਸ ਤਰ੍ਹਾਂ ਦਾ ਹੀ ਦਿਸੇਗਾ। ਠੀਕ ਹੈ ਕਲਾਤਮਕ ਗਲਤੀਆਂ ਕਾਰਣ ਨਾਟਕ ਦਾ ਅਸਲੀ ਸੁਨੇਹਾ ਲੋਕਾਂ ਤੱਕ ਪਹੁੰਚਣ ਵਿੱਚ ਫਰਕ ਪੈ ਸਕਦਾ ਹੈ। ਮੈਂ ਸਮਝਦਾ ਹਾਂ ਹਿੰਦੋਸਤਾਨ ਦੀਆਂ ਬਾਕੀ ਜ਼ੁਬਾਨਾਂ ਦੇ ਮੁਕਾਬਲੇ ਸਾਡੇ ਕੋਲ ਵਧੀਆ ਨਾਟਕ ਨਹੀਂ ਹਨ। ਮੇਰੇ ਖਿਆਲ ਵਿੱਚ ਤਾਂ ਦੋ ਕੁ ਨਾਟਕਕਾਰਾਂ ਨੇ ਹੀ ਸੁਚੇਤ ਕੋਸ਼ਿਸ਼ ਕੀਤੀ ਹੈ। ਪਹਿਲਾ ਸੰਤ ਸਿੰਘ ਸੇਖੋਂ ਹੈ (ਜਿਸਨੂੰ ਖੇਡਿਆ ਹੀ ਨਹੀਂ ਗਿਆ) ਜਿਸਨੂੰ ਪਤਾ ਹੈ ਕਿ ਕੀ ਗੱਲ ਕਹਿਣੀ ਹੈ। ਕਰਾਫਟ ਦੀ ਗੱਲ ਤਾਂ ਅਸੀਂ ਕਰ ਸਕਦੇ ਹਾਂ ਪਰ ਪਹਿਲਾਂ ਨਾਟਕ ਵਧੀਆ ਹੋਣਾ ਚਾਹੀਦਾ ਹੈ। ਦੂਸਰਾ ਹਰਚਰਨ ਸਿੰਘ ਹੈ ਜਿਸਨੇ ਕਾਫੀ ਸੁਚੇਤ ਜਤਨ ਕੀਤੇ ਹਨ। ਆਪਣੇ ਨਵੇਂ ਨਾਟਕਾਂ ਜਿਵੇਂ 'ਨਿਜ਼ਾਮ ਸੱਕਾ' ਉਸਨੇ ਕਰਾਫਟ ਅੰਦਰ ਵੀ ਜਤਨ ਕੀਤੇ ਹਨ। ਸੋਢੀ ਹੁਰੀਂ ਵੀ ਕੋਸ਼ਿਸ਼ ਕਰਦੇ ਰਹਿੰਦੇ ਹਨ ਪਰ ਉਹ ਵਿਸ਼ੇ ਪੱਖੋਂ ਉਲਝ ਜਾਂਦੇ ਹਨ। ਉਨ੍ਹਾਂ ਆਪਣੇ ਨਾਟਕ ਅੰਗਰੇਜ਼ੀ ਵਿੱਚ ਵੀ ਛਪਵਾਏ ਹਨ। ਅਤੇ ਹੁਣ ਹਿੰਦੀ ਵਿੱਚ ਵੀ। ਹਿੰਦੀ ਅੰਗਰੇਜ਼ੀ ਵਿੱਚ ਛਪਵਾਉਣ ਨਾਲ ਅਸੀਂ ਕੌਮਾਂਤਰੀ ਪੱਧਰ ਤੇ ਨਹੀਂ ਆ ਸਕਦੇ। ਜਿੰਨਾ ਚਿਰ ਅਸੀਂ ਚੇਤਨ ਤੌਰ ਤੇ ਇਸ ਲਈ ਕੋਸ਼ਿਸ਼ ਨਹੀਂ ਕਰਦੇ। ਸਾਡੇ ਨਾਟਕਕਾਰਾਂ ਨੂੰ ਕੌਮਾਂਤਰੀ ਪੱਧਰ ਤੇ ਆਉਣ ਦੀ ਲੋੜ ਹੈ। ਸਾਡਾ ਥੀਏਟਰ ਦੂਜੀਆਂ ਜ਼ੁਬਾਨਾਂ ਜਿੰਨਾਂ ਹੀ ਵਿਕਸਤ ਹੈ, ਪਰ ਵਿਸ਼ੇ ਪੱਖੋਂ ਸਾਡੇ ਕੋਲ ਚੰਗੇ ਨਾਟਕ ਨਾਂ ਹੋਣ ਕਾਰਨ ਅਸੀਂ ਦੂਜੀਆਂ ਜ਼ੁਬਾਨਾਂ ਦੇ ਮੁਕਾਬਲੇ ਤੇ ਨਹੀਂ ਆ ਸਕਦੇ।

? : ਤੁਹਾਡੇ ਖਿਆਲ ਵਿੱਚ ਪੰਜਾਬੀ ਥਿਏਟਰ ਦਾ ਭਵਿੱਖ ਕਿਹੋ ਜਿਹਾ ਹੈ ?

ਰਮਨ : ਮੈਂ ਤਾਂ ਸਮਝਦਾ ਹਾਂ ਜਿਸ ਤਰ੍ਹਾਂ ਕਮਰ ਕੱਸੇ ਕਰਕੇ ਸਾਡੇ ਲੋਕ ਥੀਏਟਰ ਵਿੱਚ ਲੱਗੇ ਹੋਏ ਹਨ। ਬੜਾ ਰੋਸ਼ਨ ਭਵਿੱਖ ਹੈ। ਜ਼ਿਆਦਾ ਇਹਦਾ ਹੁਣੀਂ ਪੂਰੀ ਲਗਨ ਨਾਲ ਕੰਮ ਕਰ ਰਹੇ ਹਨ।

ਗੁਰਸ਼ਰਨ ਸਿੰਘ ਹੁਰੀਂ ਬਾਰੇ ਉਨ੍ਹਾਂ ਦੀ ਕਿਸੇ ਤਰ੍ਹਾਂ ਦੀ ਪ੍ਰਤੀਬੱਧਤਾ ਕੁਮਿੱਟਮੈਂਟ ਤੋਂ ਉਨ੍ਹਾਂ ਥੀਏਟਰ ਦਾ ਸਾਥ ਨਹੀਂ ਛੱਡਿਆ। ਅਸੀਂ ਵੀ ਮੈਂ ਅਤੇ ਮੇਰੀ ਪਤਨੀ ਪੂਰੀ ਲਗਨ ਨਾਲ ਜੁੜੇ ਹੋਏ ਹਾਂ। ਆਸ ਹੈ ਇਸ ਤਰ੍ਹਾਂ ਹੋਰ ਵੀ ਜੋੜੇ ਨਿਕਲਣਗੇ। ਜੋੜਿਆਂ ਦੀ ਇਸ ਲਈ ਲੋੜ ਹੈ, ਕਿਉਂਕਿ ਪੰਜਾਬੀ ਥੀਏਟਰ ਨੂੰ ਲਗਾਤਾਰ ਕੰਮ ਕਰਨ ਵਾਲੀ ਇਸਤਰੀ ਨਹੀਂ ਮਿਲ ਸਕਦੀ, ਜਿਸ ਤਰ੍ਹਾਂ ਇੱਕ ਬੀਵੀ ਸਾਥ ਦਿੱਤਾ ਸਕਦੀ ਹੈ। ਕਿਉਂਕਿ ਸਮਾਜਿਕ ਤੌਰ ਤੇ ਅਸੀਂ ਅਜੇ ਏਨੇ ਪਛੜੇ ਹੋਏ ਹਾਂ ਕਿ ਇਕ ਔਰਤ ਨੂੰ ਲਗਾਤਾਰ ਥਿਏਟਰ ਕੰਮ ਕਰਨ ਦੀ ਖੁਲ੍ਹ ਨਹੀਂ ਦੇ ਸਕਦੇ। ਬੀਵੀ ਦੇ ਰੂਪ ਵਿੱਚ ਉਹ ਮੁਸ਼ਕਿਲਾਂ ਹੱਲ ਹੋ ਜਾਂਦੀਆਂ ਹਨ। ਕਿਤਾਬੀਆਂ ਵਿੱਚ ਔਰਤ ਨੇ ਥੀਏਟਰ ਵਿੱਚ ਕੰਮ ਕਰਨ ਲਗਣ ਆਉਂਦੀਆਂ ਹਨ। "ਨੈਸ਼ਨਲ ਸਕੂਲ ਆਫ ਡਰਾਮਾ", "ਇੰਡੀਅਨ ਥੀਏਟਰ ਵਿਭਾਗ" ਪੰਜਾਬ ਯੂਨੀਵਰਸਿਟੀ ਦਾ, ਪੰਜਾਬੀ ਯੂਨੀਵਰਸਿਟੀ ਦਾ 'ਡਰਾਮਾ ਅਤੇ ਸੰਗੀਤ ਵਿਭਾਗ," ਇਹਨਾਂ ਦੀ ਸਟੂਡੈਂਟ ਜਿਹੜੀ ਦੁਬਾਰਾ ਹੋਰ ਵਿੱਚ ਆ ਰਹੀ ਹੈ ਇਨ੍ਹਾਂ ਸਾਰੀਆਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਥੀਏਟਰ ਵਿੱਚ ਹੋਰ ਤੇਜ਼ੀ ਆਵੇਗੀ। ਮੈਂ ਆਪਣੇ ਤਜਰਬੇ ਤੋਂ ਦਸਦਾ ਹਾਂ ਜੇ ਪੰਜਾਬ ਸਰਕਾਰ ਐਂਟਰਟੇਨਮੈਂਟ ਟੈਕਸ ਥੀਏਟਰ ਉਪਰ, ਸ-ਆਫ਼ ਕਰ ਦੇਵੇ ਅਤੇ ਬਕਾਇਦਾ ਤੌਰ ਤੇ ਸਬਸਿਡੀ ਦੇ ਤੌਰ ਤੇ ਸਾਡੇ ਗਰੁੱਪਾਂ ਨੂੰ ਸਹਾਇਤਾ ਦੇਵੇ ਤਾਂ ਅਸੀਂ ਬਹੁਤ ਥੋੜ੍ਹੇ ਸਮੇਂ ਵਿੱਚ ਪ੍ਰੋਫੈਸ਼ਨਲ ਥੀਏਟਰ ਉਸਾਰ ਸਕਦੇ ਹਾਂ। ਸੈਮੀ ਪ੍ਰੋਫੈਸ਼ਨਲ ਥੀਏਟਰ ਤਾਂ ਅਸੀਂ ਹੁਣ ਵੀ ਕਰ ਰਹੇ ਹਾਂ। ਹੁਣ ਵੀ ਅਸੀਂ ਆਪਣਾ ਬਹੁਤਾ ਖਰਚਾ, ਏਥੋਂ ਤੱਕ ਕਿ ਸਾਡੇ ਜੀਵਨ ਦਾ ਖਰਚਾ ਵੀ ਥੀਏਟਰ ਵਿਚੋਂ ਕੱਢ ਰਹੇ ਹਾਂ। ਮੈਂ ਇਹ ਸਮਝਦਾ ਹਾਂ ਕਿ ਪੰਜਾਬੀ ਥੀਏਟਰ ਦਾ ਭਵਿੱਖ ਕਾਫੀ ਰੌਸ਼ਨ ਹੈ। ਬਹੁਤ ਜਲਦੀ ਹੀ ਇਸਦਾ ਮਿਆਰ ਦੂਜੀਆਂ ਭਾਸ਼ਾਵਾਂ ਦੇ ਮੁਕਾਬਲੇ ਤੇ ਹੋਵੇਗਾ। ○ ○

---

ਸਫਾ 32 ਦੀ ਬਾਕੀ

ਲੋਕਾਂ ਦੀ ਭੀੜ 'ਚ ਖੜੇ ਸਰਦਾਰ ਸੁਖਦੇਵ ਸਿੰਘ ਨੂੰ ਉਹਦੇ ਮੁੰਡੇ ਅਤੇ ਪਿੰਡ ਦੇ ਮਾਸਟਰ ਨੇ ਪਛਾਣ ਲਿਆ। ਮਾਸਟਰ ਨੇ ਰਣਜੀਤ ਦਾ ਮੋਢਾ ਹਿਲਾਉਂਦਿਆਂ ਕਿਹਾ "ਹੋਰ ਤਾਂ ਗੱਲਾਂ ਦੀਆਂ ਗੱਲਾਂ ਕਾਕਾ! ਤੇਰੇ ਬਾਪੂ ਦੀ ਹਜਾਮਤ ਬਹੁਤ ਸੋਹਣੀ ਆ।"

ਰਣਜੀਤ ਵਿਚਾਰੇ ਨੇ ਹੌਕਾ ਲੈਂਦਿਆਂ ਉੱਤਰ ਦਿੱਤਾ।

"ਮਾਸਟਰ ਜੀ! ਇਹ ਹਜਾਮਤ ਵੀਹ ਹਜ਼ਾਰ 'ਚ ਹੋਈ ਆ।" ਨਾਲ ਹੀ ਧਾਹਾਂ ਮਾਰ ਕੇ ਰੋਂਦਾ ਹੋਇਆ ਪਿਉ ਆਪਣੇ ਦੇ ਨਾਲ ਜਾ ਚਿੰਮੜਿਆ। ○ ○

---

## ਸੱਪ

ਸਰਵਣ ਸਿੰਘ 'ਅਮੋਲਕ'

ਥਾਂ ਥਾਂ ਲੋਕ ਸਜਾਵਾਂ ਕਰਦੇ, ਜਾਈਏ ਕਿਵੇਂ ਇਕਾਂਤੇ ਸੱਪ।
ਹਰ ਦਮ ਕਿਸੇ ਦੇ ਡੰਗ ਮਾਰਨ ਲਈ, ਫਿਰਦੇ ਭੁੜ ਪੜ ਜਾਏ ਸੱਪ।
ਇਨ੍ਹਾਂ ਦੀਆਂ ਬੇਅੰਤ ਨੇ ਜਾਤਾਂ, ਆਪਾਂ ਗਿਣ ਕੇ ਕੀ ਲੈਣਾ,
ਸੰਖਚੂਰ, ਕੁਲ-ਨਾਗ, ਫਨੀਅਰ, ਜਲੇਬੀ ਤੇ ਉੱਡ ਜਾਏ ਸੱਪ।
ਜਿੰਨ ਭਵੇਂ ਇਨ ਰੂਪ ਬਦਲਦੇ, ਸਾਰੀ ਦੁਨੀਆਂ ਜਾਣਦੀ ਏ,
ਮੋਰ ਇਨ ਤੇ ਬਾਜ਼ਾਂ ਮਗਰੋਂ, ਡਰਦੇ ਤਾਂਏ ਥਾਏ ਸੱਪ।
ਸੁਣਦੇ ਹਾਂ ਕਈ ਇੱਛਿਆਧਾਰੀ, ਆਪਣੀ ਵਰ ਦੀ ਖਬਰ ਲੈਂਦੇ
ਸਦੀ ਸਾਡੇ ਇਸ਼ਕਾਰ ਤਾਰੇ, ਤੀਵੇਂ ਜਰੇਂ ਪੁਗਾਏ ਸੱਪ।
ਇੱਕ ਇੱਲਤ ਕਰਦਾ ਸਤਲਾਂ ਦਾ, ਕਿ ਜਦ ਹੱਥੀਂ ਪੈ ਜਾਈਏ,
ਖਬਰੇ ਸਾਡਗੇ ਕਿਥੋਂ ਸਾਥੋਂ, ਸਜਾਰੀ ਡੱਬੂ ਖਾਏ ਸੱਪ।
ਇਨ੍ਹਾਂ ਨੇ ਸੱਤ ਸੂਰਾਂ ਸੱਪੀਆਂ, ਫਨ ਫੈਲਾਈ ਫਿਰਦੇ ਨੇ,
ਸੱਸੇ-ਖੱਖੇ, ਅੱਗੇ-ਪਿਛੇ, ਘੋੜੀ ਅਤੇ ਸਜਾਏ ਸੱਪ।
ਘਰ ਘਰ ਦੇ ਵਿੱਚ ਪਾਏ ਸਿਆਪੇ, ਇਨ੍ਹਾਂ ਦੀਆਂ ਕਰਤੂਤਾਂ ਨੇ,
ਧਨ ਤੇ ਧਰਨੇ ਮਾਰੀ ਬੈਠੇ, ਥਾਂ ਥਾਂ ਤੇ ਅੜ ਜਾਏ ਸੱਪ।
ਜ਼ੋਰਾਂ ਪੈ ਜਾਏ ਸਾਡੇ ਅੰਦਰੀ, ਇਨ੍ਹਾਂ ਨਾਲ ਰਲਾ ਲਏ ਨੇ,
ਗੰਠ ਜੋੜ ਤੇ ਡੀਲ ਹੋਣ ਵਿੱਚ ਨਿਕਲੇ ਬੜੇ ਸਿਆਣੇ ਸੱਪ।
ਆਦਮ ਨੂੰ ਜੰਨਤ 'ਚੋਂ ਬਾਹਰ, ਇਨ੍ਹਾਂ ਕਢਾ ਕੇ ਦਮ ਲੀਤਾ,
ਜਿੰਨਾਂ ਮਰਜ਼ੀ ਭਾਂਵੇਂ ਦੁੱਧ ਪਿਆਉ, ਪਾਲਦੇ ਨਹੀਂ ਅਗਾਨੇ ਸੱਪ।
ਟੇਢ ਕਰਨ ਲਈ ਇਨ੍ਹਾਂ ਦੀ ਵਿੰਗੀ, ਡੰਗ ਜਿਹ ਡੰਗ ਕਢਾਉਣਾ ਪਊ
ਦਾਅ ਦੇ ਥੱਲੇ ਆ ਜਾਣ ਛੇਤੀ, ਏਨੇ ਨਹੀਂ ਨਿਆਣੇ ਸੱਪ।
ਇੱਟ ਚੁੱਕੋ, ਖੁੰਭ ਵਾਂਗ ਨਿਕਲ ਕੇ, ਤੁਰਤ ਦਗਾਏ ਮਾਰਦੇ ਨੇਂ,
ਵੰਸ਼ ਵਾਸ਼ਿੰਗਟਨ, ਮਾਸਕੋ, ਲੰਡਨ, ਦਿੱਲੀ, ਫੁਲਿਆਏ ਸੱਪ।
ਕਾਲੇ ਕੌਡੀਆਂ ਵਾਲੇ ਅੱਜਪੇ, ਰਸਤੇ ਰੋਕਦੇ ਡੰਗ ਕਰਦੇ
ਇੱਕ ਦਿਨ ਦੇਖ ਲੈਣਾ ਤੁਸੀਂ ਅੱਖੀਂ, ਲੋਕਾਂ ਮਾਰ ਮੁਕਾਏ ਸੱਪ।
ਆਈ. ਐਨ. ਏ. ਦੇ ਫੌਜੀਆਂ ਪਾਸੋਂ, ਲਈ ਟ੍ਰੇਨਿੰਗ ਠੀਕ ਹਰੀ,
ਦਰਤ 'ਅਮੋਲਕ' ਆ ਗਿਆ ਲੇਕਰ, ਗੋਲੀਆਂ ਨਾਲ ਉਡਾਏ ਸੱਪ।

# FOR YOUR INSURANCE NEEDS:

## SUCH AS —

* AUTO INSURANCE
* BUSINESS
* COMMERCIAL
* HOME OWNERS
* TRAVEL INSURANCE



BALDEV SANGRA
PH. 321 - 6557
(604) 687-7711
PAGER: 7648

**Autoplan**

ਹਰ ਪਕਾਰ ਦੇ ਬੀਮੇ ਜਿਵੇਂ ਕਾਰ,ਟ੍ਰੱਕ,
ਮਕਾਨ ਅਤੇ ਕੈਂਪਰ ਆਦਿ ਲਈ ਸ਼ਾਡੀਆਂ
ਸੇਵਾਵਾਂ ਹਾਜ਼ਰ ਹਨ।

BENNET— SANGHRA
INSURANCE AGENCY LTD.
6553 VICTORIA DR. VAN. B.C.

# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੌਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's. Finest Indian Grocery Store**

# 327-0295

5125 VICTORIA
DRIVE VANCOUVER

**If you are looking for**
*Qaality [redacted]
* Quality
* Price
* After sale service when buying your car contact
KELLY SINGH NAGI

ਕਿਸੇ ਪ੍ਰਕਾਰ ਦੀ ਕਾਰ ਖ਼ਰੀਦਣੀ
ਜਾਂ ਟਰੇਡ ਕਰਨੀ ਹੋਵੇ ਤਾਂ
ਖ਼ਰੀਦਣ ਤੋਂ ਪਹਿਲਾਂ
ਕੈਲੀ ਸਿੰਘ ਨਾਗੀ
ਨੂੰ ਮਿਲੋ ਜਾਂ ਫੋਨ ਕਰੋ।



Office
**521-7731**
RES. 526-6959

# WESTMINSTER CHEVROLET-OLDSMOBILE

12 th Ave. at Queens Ave
New West Minster

*PAUL'SPLUMBING &ELECTRICALSUPPLY*

PLUMBING & BATHROOM
FIXTURES & SUPPLIES
HOT WATER TANKS
HOT WATER HEATING &
SUPPLIES





ਖੁਸ਼ਖਬਰੀ। ਤੁਹਾਡੀ ਜ਼ਰੂਰਤ ਲਈ
ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਾਮਾਨ
ਦਾ ਸਟੋਰ ਆਪਣੇ ਭਾਈ ਉਮ ਪਾਲ
ਵਲੋਂ 32 ਐਵੇਨਿਊ ਲਾਗੇ 4774 ਮੇਨ
ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ।

ਸਾਡੇ ਕੋਲ ਆਓ, ਪੰਜਾਬੀ 'ਚ ਗੱਲ
ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ
ਲਈ ਫੋਨ ਕਰੋ।

872 3118

English-Punjab-Hindi Spoken
4774 Main St(at 32nd)
Vancouver ● 872-3118
Open Sunday — Parking at rear.

# ਆਧੁਨਿਕ ਜਾਪਾਨੀ ਹਾਇਕੂ

— ਸੁਖਿੰਦਰ

ਹਾਇਕੂ, ਜਾਪਾਨੀ ਕਵਿਤਾ ਵਿਚ ਇਕ ਲੋਕ-ਪ੍ਰਿਯ ਕਾਵਿ-ਰੂਪ ਹੈ। ਜਾਪਾਨੀ ਹਾਇਕੂ ਦਾ ਇਤਿਹਾਸ ਜਾਪਾਨੀ ਸਭਿਆਚਾਰ ਦਾ ਹੀ ਇਕ ਪ੍ਰਤੀਬਿੰਬ ਹੈ। ਜਾਪਾਨੀ ਕਵਿਤਾ ਵਿਚ ਹਾਇਕੂ ਲਿਖਣ ਦਾ ਰਿਵਾਜ ਆਧੁਨਿਕ ਕਾਲ ਤੋਂ ਪਹਿਲਾਂ ਹੀ ਆਪਣੇ ਸਿਖਰ ਤੇ ਸੀ। । ਆਧੁਨਿਕ ਕਾਲ ਵਿਚ ਕੁਝ ਕਵੀਆਂ ਨੇ ਹਾਇਕੂ ਨੂੰ ਕਵਿਤਾ ਦਾ ਵਧੇਰੇ ਯੋਗ ਕਾਵਿ-ਰੂਪ ਮੰਨਣ ਤੋਂ ਕੁਝ ਸੰਕੋਚ ਦਿਖਾਇਆ। ਪਰ ਫਿਰ ਵੀ ਅਨੇਕਾਂ ਪ੍ਰਤਿਭਾ-ਸ਼ਾਲੀ ਕਵੀਆਂ ਨੇ ਹਾਇਕੂ ਦੀ ਰਚਨਾ ਕੀਤੀ ਹੈ। ਹਾਇਕੂ ਲਿਖਣ ਵਾਲਿਆਂ ਵਿਚ ਮਾਸਾਓਕਾ ਸ਼ੀਕੀ, ਈਆਦਾ ਦਾਕੋਤਸੂ, ਟਾਕਾਹਾਮਾ ਕਾਇਓਸ਼ੀ, ਮੀਜ਼ੁਹਾਰਾ ਸ਼ੂਓਸੀ ਦੇ ਨਾਂ ਖਾਸ ਪ੍ਰਸਿੱਧ ਹਨ।

ਹਾਇਕੂ ਵਿਚ ਸਿਰਫ਼ ਤਿੰਨ ਹੀ ਸਤਰਾਂ ਹੁੰਦੀਆਂ ਹਨ। ਤਿੰਨ ਸਤਰਾਂ ਵਿਚ ਕਿਸੇ ਪ੍ਰਤੀਕ, ਬਿੰਬ ਜਾਂ ਚਿੱਤਰ ਨੂੰ ਇਕ ਅਸਚਰਜਤਾ ਅਤੇ ਖ਼ੂਬਸੂਰਤੀ ਨਾਲ ਇਕ ਸ਼ਿੰਗਾਰ ਵਾਂਗ ਬਿਆਨ ਕੀਤਾ ਜਾਂਦਾ ਹੈ। ਹਾਇਕੂ ਵਿਚ ਵਿਰੋਧਾਭਾਸ਼ ਦੇ ਸਿਧਾਂਤ ਅਨੁਸਾਰ ਦੋ ਵਿਰੋਧੀ ਚਿੱਤਰ ਪੇਸ਼ ਕੀਤੇ ਜਾਂਦੇ ਹਨ, ਜੋ ਆਪਸ ਵਿਚ ਇਕ ਦੂਜੇ ਤੋਂ ਬਿਲਕੁਲ ਭਿੰਨ ਹੁੰਦੇ ਹਨ। ਪਰ ਇਨ੍ਹਾਂ ਦੋਨਾਂ ਚਿਤਰਾਂ ਦੇ ਇੱਕਠੇ ਵਿਚਰਨ ਨਾਲ ਇਕ ਅਜੀਬ ਸਥਿਤੀ ਅਤੇ ਸ਼ਕਤੀ ਪੈਦਾ ਹੁੰਦੀ ਹੈ। ਇਸ ਦਾ ਸਬੰਧ ਇਨ੍ਹਾਂ ਚਿਤਰਾਂ ਤੋਂ ਵੀ ਕਿਸੀ ਬਾਹਰਲੀ ਦੁਨੀਆਂ ਨਾਲ ਹੁੰਦਾ ਹੈ। ਹਾਇਕੂ ਦਾ ਇਕ ਹੋਰ ਮਹੱਤਵਪੂਰਨ ਲੱਛਣ ਇਹ ਹੈ ਕਿ ਇਸ ਦੀਆਂ ਤਿੰਨ ਸਤਰਾਂ ਦੋ ਨਾ ਬਰਾਬਰ ਹਿੱਸਿਆਂ ਵਿਚ ਵੰਡੀਆਂ ਹੁੰਦੀਆਂ ਹਨ। ਪਹਿਲੀ ਜਾਂ ਦੂਜੀ ਸਤਰ ਦੇ ਖਾਤਮੇ ਵਿਚ ਠਹਿਰਾਓ ਹੁੰਦਾ ਹੈ। ਇਹ ਠਹਿਰਾਓ ਜੋ ਕੁਝ ਪਹਿਲੀਆਂ ਸਤਰਾਂ ਵਿਚ ਕਿਹਾ ਗਿਆ ਹੈ। ਉਸ ਨੂੰ ਆਖਰੀ (ਦੂਜੇ ਹਿੱਸੇ) ਹਿੱਸੇ ਵਿਚ ਕਹੀ ਗੱਲ ਨਾਲ ਟਕਰਾਉਂਦਾ ਹੈ। ਇਸ ਸਾਰੀ ਪ੍ਰਕ੍ਰਿਆ ਦੇ ਫਲਸਰੂਪ ਪਾਠਕ ਨੂੰ ਜ਼ਿੰਦਗੀ ਦੇ ਇਕ ਨਵੇਂ ਸੱਚ ਦਾ ਅਹਿਸਾਸ ਹੁੰਦਾ ਹੈ।

ਹਾਇਕੂ ਵਿਚ ਆਮ ਬੋਲ-ਚਾਲ ਦੀ ਬੋਲੀ ਵਰਤੀ ਜਾਂਦੀ ਹੈ। ਇਸ ਵਿਚ ਸਧਾਰਨ ਚੀਜ਼ਾਂ ਅਤੇ ਜ਼ਿੰਦਗੀ ਦੀਆਂ ਸਾਧਾਰਣ ਘਟਨਾਵਾਂ ਨੂੰ ਹੀ ਵਿਸ਼ਾ ਬਣਾਇਆ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਇਕ ਹਾਇਕੂ ਲਿਖਣ ਵੇਲੇ ਕਵੀ ਵਸਤੂ ਦੇ ਅੰਦਰ ਪ੍ਰਵੇਸ਼ ਕਰ ਜਾਂਦਾ ਹੈ। ਇਸ ਤਰ੍ਹਾਂ ਕਵੀ ਇਸ ਵਸਤੂ ਦੀ ਜ਼ਿੰਦਗੀ ਵਸਤੂ ਦੇ ਅੰਦਰ ਵੜਕੇ ਮਹਿਸੂਸ ਕਰਦਾ ਹੈ। ਅਤੇ ਇਸ ਦੀਆਂ ਅੰਦਰਲੀਆਂ ਭਾਵਨਾਵਾਂ ਦਾ ਅਹਿਸਾਸ ਪ੍ਰਾਪਤ ਕਰਦਾ ਹੈ। ਕਵੀ ਖੁਦ ਇਕ ਫੁੱਲ, ਇਕ ਰੁੱਖ, ਇਕ ਪੰਛੀ ਬਣ ਜਾਂਦਾ ਹੈ। ਇਕ ਕਵੀ ਇਕ ਪਰਬਤ, ਇਕ ਝਰਨਾ ਜਾਂ ਇਕ ਨਦੀ ਵੀ ਬਣ ਸਕਦਾ ਹੈ। ਇਕ ਹਾਇਕੂ ਕਿਸੇ ਚੀਜ਼ ਦਾ ਬਿਆਨ ਨਹੀਂ ਹੁੰਦਾ। ਇਹ ਤਾਂ ਇਕ ਜਿਉਂਦਾ ਜਾਗਦਾ ਅਨੁਭਵ ਹੁੰਦਾ ਹੈ। ਹਾਇਕੂ ਵਿਚੋਂ ਅਨੁਭਵ ਅਤੇ ਕਵੀ ਨੂੰ ਵੱਖੋ ਵੱਖ ਨਹੀਂ ਕੀਤਾ ਜਾ ਸਕਦਾ।

ਹਾਇਕੂ ਵਿਚ ਵਿਸ਼ੇਸ਼ਣ, ਕ੍ਰਿਆ ਅਤੇ ਕ੍ਰਿਆ ਵਿਸ਼ੇਸ਼ਣ ਤੋਂ ਵੀ ਬਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਹਾਇਕੂ ਵਿਚ ਕੋਈ ਬਣਾਵਟ ਨਹੀਂ ਹੁੰਦੀ। ਹਾਇਕੂ ਵਿਚ ਤਰਕ ਤੋਂ ਬਚਣ ਲਈ ਹਰ ਸੰਭਵ ਯਤਨ ਕੀਤਾ ਜਾਂਦਾ ਹੈ। ਹਾਇਕੂ ਤਾਂ ਸਾਡੇ ਕੁਦਰਤ ਨਾਲ ਡੂੰਘੇ ਸਬੰਧ ਦਾ ਪ੍ਰਗਟਾਅ ਹੈ। ਹਾਇਕੂ ਜ਼ਿੰਦਗੀ ਦਾ ਇਕ ਦਰਪਨ ਹੈ। ਸਾਡੀ ਜ਼ਿੰਦਗੀ ਵਾਂਗ, ਹਾਇਕੂ ਵਿਚ ਖੁਸ਼ੀ ਅਤੇ ਗਮੀ ਨਾਲੋ ਨਾਲ ਤੁਰਦੇ ਹਨ। ਜ਼ਿੰਦਗੀ ਅਤੇ ਮੌਤ ਦੇ ਦਰਮਿਆਨ ਹੀ ਫੈਲਿਆ ਹੋਇਆ ਹੈ, ਹਾਇਕੂ ਦਾ ਸੰਸਾਰ। ਸ਼ਾਇਦ ਇਸੇ ਲਈ ਹਾਇਕੂ ਇਹ ਨਹੀਂ ਦੱਸਦਾ ਕਿ ਇਕ ਕਵੀ ਕਿਵੇਂ ਮਹਿਸੂਸ ਕਰਦਾ ਹੈ; ਕਵੀ ਤਾਂ ਉਥੇ ਹੁੰਦਾ ਹੀ ਨਹੀਂ: ਸਿਰਫ਼ ਪਾਠਕ ਹੀ ਮਹਿਸੂਸ ਕਰਦਾ ਹੈ।

ਹਾਇਕੂ ਬਾਰੇ ਏਨੇ ਕੁ ਸ਼ਬਦਾਂ ਨਾਲ ਹੀ ਮੈਂ ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਜਾਪਾਨੀ ਕਵਿਤਾ ਦੇ ਇਸ ਲੋਕ ਪ੍ਰਿਯ ਕਾਵਿ-ਰੂਪ ਦੇ ਸੰਸਾਰ ਵਿਚ ਦਾਖਲ ਹੋਣ ਦਾ ਨਿਮੰਤਰਣ ਦਿੰਦਾ ਹਾਂ:

## ਮਾਸਾਓਕਾ ਸ਼ੀਕੀ

1

ਮੇਰੀ ਜ਼ਿੰਦਗੀ ਕੈਦ
ਮੈਨੂੰ ਇੱਕ ਪ੍ਰਾਚੀਨ ਸੰਗੀ ਅਤੇ ਕਾਇ ਪਕੂ ਨੇ ਸੁਣਾਇੰਦੀ ਹੈ
ਇੱਕ ਅੰਤਹੀਣ ਰਾਤ

2.

ਕੱਪ ਦੇ ਫੇਰ ਸਾਫ਼ ਬਾਅਦ,
ਜੰਗਲ ਇੰਜ ਖਾਮੋਸ਼ ਹੈ।
ਇੱਕ ਸਫ਼ੈਦ ਫੁੱਲ।

3

ਮੇਰੀ ਲਾਸ਼
ਨੀਂਦ ਦੀ ਇੱਕ ਝਪਕੀ ਚੋਂ ਜਾਗਦਿਆਂ
ਇੱਕ ਮੱਖੀ ਤੇ ਹਮਲਾ ਕਰਦੀ ਹੈ।

## ਨਾਟਸੂਮੇ ਸੂਇਕੀ

1

ਕੋਕਿਲਾਂ ਦੀ ਇੱਕ ਆਵਾਜ਼ ਉੱਤੇ
ਅੰਗੂਰ ਦੀ ਵੇਲ ਆਪਣਾ ਰਸਤਾ ਜਾਰੀ ਰੱਖਦੀ ਹੈ
ਜਦੋਂ ਤੱਕ ਕਿ ਉਹ ਸਭ ਕੇ ਸੁਆਹ ਨਹੀਂ ਹੋ ਜਾਂਦੀ।

2

ਕਾਂ ਉੱਡ ਗਿਆ ਹੈ:
ਸ਼ਾਮ ਦੀ ਧੁੱਪ ਵਿੱਚ ਝੂਲ ਰਿਹਾ
ਇੱਕ ਬਿਰਖ ਨਿਪੱਤਰਾ।

3

ਨਵੇਂ ਵਰ੍ਹੇ ਦੇ ਦਿਨ
ਮੈਂ ਆਪਣੇ ਵੱਡ ਵਡੇਰਿਆਂ ਨੂੰ ਮਿਲਣ ਲਈ ਤਾਂਘਦਾ ਹਾਂ
ਜਿਵੇਂ ਉਹ ਮੇਰੇ ਜਨਮ ਤੋਂ ਪਹਿਲਾ ਸਨ

4.

ਮੇਰੇ ਮੋਢਿਆਂ ਤੇ ਬੈਠਦੀ ਹੈ
ਸੰਘਣੀ ਸ਼ਾਖ ਦੀ ਛਾਂ ਵਿੱਚ
ਇੱਕ ਲਾਲ ਮਤਾਂ ਮੱਖੀ।

5

ਹਰਾ ਭਰਾ ਘਾਹ ਦਾ ਮੈਦਾਨ:
ਤਨ ਸਾੜਦੀ ਤਪਦੀ ਲੂ ਦੇ ਵਿਚਕਾਰ
ਇੱਕ ਕੁੱਤੇ ਖਲਾਅ।

6.

ਪੱਤਝੜ ਦੇ ਮੌਸਮ ਵਿੱਚ
ਇੱਕ ਲਾਲ-ਰੰਗਤ ਪਹਾੜ ਵੱਧ ਰਿਹਾ ਹੈ
ਉਤਾਂਹ, ਹੋਰ ਉਤਾਂਹ

## ਤਾਕਾਹਾਮਾ ਕਾਇਓਸ਼ੀ

1

ਇੱਕ ਸੁਨਹਿਰੀ ਮਟਮੈਲ—
ਮੈਂ ਇਸਨੂੰ ਹਨੇਰੇ ਵਿੱਚ ਉਛਾਲਦਾ ਹਾਂ
ਰਾਤ ਦੀ ਗਹਿਰਾਈ ਦਾ ਅਹਿਸਾਸ ਮੇਰੇ ਅੰਦਰ ਜਾਗਦਾ ਹੈ।

2.

ਇੱਕ ਤਿੱਤਲੀ ਸਾਗਰ ਉੱਤੇ:
ਇਹ ਉੱਡਦੀ ਹੈ
ਆਪਣੀ ਹੀ ਰੂਹ ਦੀ ਭਾਲ ਵਿੱਚ।

3.

ਉਹ ਇੱਕ ਸ਼ਬਦ ਕਹਿੰਦਾ ਹੈ
ਮੈਂ ਇੱਕ ਸ਼ਬਦ ਬੋਲਦਾ ਹਾਂ
ਪੱਤਝੜ ਹੋਰ ਡੂੰਘੀ ਹੋ ਰਹੀ ਹੈ।

## ਓਗੀਵਾਰਾ ਸੈਨਸੀ

1

ਅੰਬਰ ਵਿੱਚ ਤੁਰਦਾ ਹੈ
ਸ਼ਾਂਤ ਚਿੱਤ
ਚੰਨ ਇਕੱਲਿਆਂ ਹੀ।

2.

ਤਿਤਲੀ ਦੇ ਖੰਭ
ਸੰਸਾਰ ਵਿੱਚ ਸੱਭ ਤੋਂ ਖੂਬਸੂਰਤ ਵਸਤ;
ਕੀੜੀਆਂ ਇਹਨਾਂ ਨੂੰ ਖਿੱਚਦੀਆਂ ਹਨ।

## ਮੁਰਾਕਾਮੀ ਕਿਜੋ

1

ਪੱਤਝੜ ਦੀ ਪਹਿਲੀ ਸਵੇਰ:
ਜਿਸ ਸ਼ੀਸ਼ੇ ਵਿੱਚ ਮੈਂ ਵੇਖਦਾ ਹਾਂ
ਉਥੇ ਮੇਰੇ ਪਿਤਾ ਦਾ ਚਿਹਰਾ ਉਤਰਦਾ ਹੈ।

2.

ਸਿਆਲ ਦਾ ਸੂਰਜ:
ਮੇਰੇ ਤੋਂ ਅੱਗੇ ਮੇਰਾ ਰਾਹ ਤੋਰ ਰਿਹਾ
ਮੇਰਾ ਆਪਣਾ ਹੀ ਪਰਛਾਵਾਂ।

3.

ਬਸੰਤ ਰੁੱਤ ਦੀ ਵਰਖਾ:
ਮੈਨੂੰ ਯਕੀਨ ਹੈ
ਮੈਂ ਪੱਥਰਾਂ ਵਿੱਚ ਵੀ ਰੂਹ ਵੇਖੀ ਹੈ।

## ਈਅਦਾ ਦਾਕੋਤਸੂ

1

ਮੌਤ ਦੇ ਮਹਾਂ ਸਾਗਰ ਵਿੱਚ
ਛੱਲਾਂ ਉਛਾਲਦਾ ਗੋਤਾ ਲਾ ਗਿਆ—
ਇੱਕ ਵਲੇਰ ਭੰਵਟ।

2.

ਮੈਂ ਤੈਰਨ ਲਈ ਨਿਕਲਦਾ ਹਾਂ:
ਪਾਣੀ ਜੋ ਲੋਕਾਂ ਨੂੰ ਡਬੋ ਦਿੰਦਾ ਹੈ
ਮੈਨੂੰ ਮਿੱਠੀ ਸੁਗੰਧ ਦਿੰਦਾ ਹੈ।

3

ਇਕ ਸਿਆਲ ਦੀ ਠੰਢ ਵਿਚ
ਇਕ ਹੀ ਰੁਤ ਦਾ ਰੁਖ ਨਹੀ
ਇਕ ਉਚੀ ਕਣਕ ਉਚੂ।

4

ਹੁਨਾਲ ਦੀ ਸਿਖਰ ਦੁਪਹਿਰ:
ਮੌਤ, ਅਧੀਆਂ ਅੱਖਾਂ ਖੁਲ੍ਹੀ
ਇਕ ਆਦਮੀ ਦੇਖ ਰਿਹਾ ਹੈ।

5.

ਇੱਕ ਘੋੜੇ ਦੀਆਂ ਅੱਖਾਂ
ਜੋ ਦੇਖ ਇੱਕ ਰਹ ਗਿਆ ਹੈ –
ਜਿਸ ਵਿਚ ਵਿਚਲੀ ਸਜਾਈ ਅਣੂਆਂ ਨੂੰ ਘੂਰ ਰਹੀਆਂ ਹਨ।

6.

ਉਸਦੇ ਮੌਤ ਦੀ ਖ਼ਬਰ ਨਹੀਂ ਹੈ –
ਘਰ ਵਿਚ ਹੀ, ਸਿਆਣ ਰਹੀ ਨਹੀ ਵਿਚ
ਮੈਂ ਇੱਕ ਤਿਤਲੀ ਦੇਖੀ ਹੈ।

## ਓਜ਼ਾਕੀ ਹੋਸਾਈ

1

ਮੌਤ ਦੀ ਧੁੱਪ ਵਿਚ
ਆਪਣੀ ਪੂਰੀ ਤਾਕਤ ਨਾਲ
ਮੈਂ ਇੱਕ ਘੋੜੇ ਦਾ ਪਿੱਛਾ ਕਰਦਾ ਹਾਂ।

2.

ਰਾਤ ਦੇ ਪਿਛਲੇ ਪਹਿਰ
ਦੂਰ ਕਿਤੇ ਇੱਕ ਤਿਲਕਣਾ ਉਹਾ
ਸੀਟਿਆ ਜਾ ਰਿਹਾ ਹੈ।

3.

ਬਸੰਤ ਰੁੱਤ ਆ ਪਹੁੰਚੀ ਹੈ –
ਇੱਕ ਵਿਸ਼ਾਲ ਅਖ਼ਬਾਰੀ ਇਸ਼ਤਿਹਾਰ
ਇਹ ਦਸ ਰਿਹਾ ਹੈ।

4.

ਠੰਢੇ ਮਨ ਵਿੱਚ
ਦੋ ਅੱਖਾਂ
ਸੁਲਗਦੀਆਂ ਹਨ।

5

ਤਿਉਹਾਰ:
ਇੱਕ ਕਾਨ
ਮੈਂ ਰਿਹਾ ਹਾਂ।

6

ਇੱਕ ਪਿਆਰਾ ਆਦਮੀ
ਦੇਖ ਰਿਹਾ ਹੈ
ਇੱਕ ਫੁੱਲ ਨੂੰ ਦੇਰ ਜਾਂਦਿਆਂ।

## ਹੀਨੋ ਸੋਜੋ

1

ਇੱਕ ਤਰੂੰ ਦੇ ਚੀਸ –
ਆਪਣੀ ਮੁੱਠੀ 'ਚ ਘੁਟਦਿਆਂ
ਆਪਣੀ ਤਲੀ ਦੇ ਸੀਨੇ ਜ਼ਿੰਦਗੀ ਦੀ ਧੜਕਣ ਮਹਿਸੂਸ ਕਰਦਾ ਹਾਂ

2.

ਮੈਂ ਆਪਣੀਆਂ ਅੱਖਾਂ ਮੀਟਦਾ ਹਾਂ
ਉਸ ਪਿਆਰ ਦਾ ਲਿੱਖ ਮਾਣਦ ਲਈ
ਜੋ ਸੁੰਦਰ ਹੋਣੀ ਚੀਤ ਭੁੱਕਾ ਹੈ।

## ਮੀਜ਼ੂਹਾਰਾ ਸ਼ੂਓਸ਼ੀ

1

ਇੱਕ ਪਹਾੜ 'ਤੇ ਜਾਂਦਿਆਂ
ਮੈਂ ਹੈਰਾਨ ਦੇਖ ਕੇ ਰੌਂਕ ਜਾਂਦਾ ਹਾਂ:
ਪਤਝੜ ਦੀ ਇੱਕ ਸ਼ਾਮ।

2.

ਮਹਾਂਉਤਸਵ
ਦੀਵਿਆਂ ਦੁਆਲੇ ਨਹੀਂ ਘੁੰਮਦੇ
ਉਹ ਚੰਨ ਦੀ ਪਰਕਰਮਾ ਕਰਦੇ ਹਨ।


## ਤੋਮੀਯਾਸੂ ਫ਼ੂਸੀ

ਰੁਮਾਲ ਹਿਲਾਂਦਿਆਂ
ਉਹ ਤਾਂ ਵਿਦਾਇਗੀ ਦਾ ਵੀ ਅਨੰਦ ਮਾਣਦੀਆਂ ਹਨ:
ਨੌਜਵਾਨ ਸੁੰਦਰੀਆਂ।


ਪਾਰਟੀਆਂ, ਵਿਆਹ ਸ਼ਾਦੀਆਂ ਜਾਂ ਹੋਰ ਕਾਰਜਾਂ ਲਈ ਸਾਡੀਆਂ ਸੇਵਾਵਾਂ ਹਰ ਵੇਲੇ ਹਾਜ਼ਰ ਹਨ। ਵਧੀਆਂ ਪਕਵਾਨ ਅਤੇ ਘੱਟ ਰੇਟ ਸਾਡੀ ਵਿਸ਼ੇਸ਼ਤਾਈ ਹੈ।
ਤਾਜ ਮਹੱਲ ਵਿੱਚ ਇੱਕ ਵਾਰੀ ਖਾਦਾ ਸੁਆਦੀ ਪਕਵਾਨ ਤੁਹਾਨੂੰ ਬਾਰ ਬਾਰ ਇਥੇ ਲਿਆਵੇਗਾ

**TAJ MAHAL RESTAURANT**

"Fully Licensed"



Wedding & Party Catering

**876-8133**

2420 MAIN ST. VANCOUVER.




## ਦੂਜਾ ਪਾਸਾ - ਅਜਮੇਰ ਰੋਡੇ

ਅਜਮੇਰ ਰੋਡੇ ਉਨ੍ਹਾਂ ਨੌਜਵਾਨ ਲੇਖਕਾਂ ਵਿਚੋਂ ਇਕ ਹੈ ਜੋ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਬੋਲੀ ਵਿਚ ਸਾਹਿਤ ਸਿਰਜਣਾ ਕਰਕੇ ਇਸਦੇ ਵਸਤੂ-ਭੰਡਾਰ ਵਿਚ ਵਿਲੱਖਣਤਾ ਅਤੇ ਨਵੇਂ ਰੰਗ ਭਰਦੇ ਹਨ। ਇਹ ਵਿਲੱਖਣਤਾ ਉਨ੍ਹਾਂ ਨੂੰ 'ਪਰਾਈ' ਧਰਤੀ ਦੇ ਨਵੇਂ ਤੇ ਨਿਜੀ ਅਨੁਭਵ ਵਿਚੋਂ ਪ੍ਰਾਪਤ ਹੋਈ ਹੈ। 'ਦੂਜਾ ਪਾਸਾ' ਇਕਾਂਗੀ ਸੰਗ੍ਰਹਿ [ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ, ਮੁੱਲ ਵੀਹ ਰੁਪਏ] ਦੇ ਤਿੰਨੇ ਇਕਾਂਗੀ ਇਸੇ ਵਿਲੱਖਣਤਾ ਦੇ ਸੂਚਕ ਹਨ।

'ਦੂਜਾ ਪਾਸਾ' ਇਸ ਸੰਗ੍ਰਹਿ ਦਾ ਪਹਿਲਾ ਇਕਾਂਗੀ ਨਾਟਕ ਹੈ ਅਤੇ ਬਿਨਾ ਸ਼ੱਕ ਉਹ ਇਸ ਸੰਗ੍ਰਹਿ ਦਾ ਉੱਤਮ ਨਾਟਕ ਹੈ। ਵਧੀਆ ਰੁਜ਼ਗਾਰ ਜਾਂ ਅਮੀਰ ਬਣਨ ਦੀ ਲਾਲਸਾ ਵਿਚ ਕਿੰਨੇ [ਹੀ ਪੰਜਾਬੀ ਹੋਰ ਭਾਰਤੀਆਂ ਵਾਂਗ ਅਮੀਰ ਤੇ ਸਰਮਾਏਦਾਰ ਮੁਲਕਾਂ ਵਿਚ 'ਆਪਣੀ' ਧਰਤੀ ਛੱਡ ਕੇ ਚਲੇ ਜਾਂਦੇ ਹਨ। ਚੰਗਾ ਪੈਸਾ ਕਮਾ ਕੇ ਚੰਗੇ 'ਅਮੀਰ' ਵੀ ਬਣ ਜਾਂਦੇ ਹਨ। ਜੀਵਨ ਦੀਆਂ ਪਦਾਰਥਕ ਲੋੜਾਂ ਦੀ ਕੋਈ ਘਾਟ ਮਹਿਸੂਸ ਨਹੀਂ ਹੁੰਦੀ। ਪਰ ਜ਼ਿੰਦਗੀ ਜਿਉਣ ਲਈ ਸਿਰਫ ਪਦਾਰਥਕ ਲੋੜਾਂ ਦੀ ਪੂਰਤੀ ਹੀ ਕਾਫੀ ਨਹੀਂ। ਇਹ ਤਾਂ ਸਾਡੀਆਂ ਪਸ਼ੂ-ਪੱਧਰ ਤਕ ਦੀਆਂ ਲੋੜਾਂ ਹਨ, ਅਸਲ ਜ਼ਿੰਦਗੀ ਤਾਂ ਇਸ ਤੋਂ ਅਗਾਂਹ ਸ਼ੁਰੂ ਹੁੰਦੀ ਹੈ। ਇਸ ਤੋਂ ਅਗਾਂਹ ਰੂਹ ਦੀਆਂ ਲੋੜਾਂ ਹਨ, ਜਿਨ੍ਹਾਂ ਦੀ ਥੁੜ ਲੱਖ ਪਦਾਰਥ ਹੋਣ 'ਤੇ ਵੀ ਬੰਦੇ ਨੂੰ 'ਲੱਖ ਤੋਂ ਕੱਖ' ਦਾ ਬਣਾ ਧਰਦੀ ਹੈ।

ਮਨੁੱਖ ਜਿਸ ਧਰਤੀ 'ਤੇ ਜੰਮਦਾ ਪਲਦਾ ਤੇ ਵੱਡਾ ਹੁੰਦਾ ਹੈ, ਉਥੋਂ ਦਾ ਕੋਈ ਕਲਚਰ ਵੀ ਹੁੰਦਾ ਹੈ। ਇਸ ਕਲਚਰ ਦੀਆਂ ਆਪਣੀਆਂ ਵਿਸ਼ੇਸ਼ ਤੇ ਨਿਵੇਕਲੀਆਂ ਕਦਰਾਂ ਕੀਮਤਾਂ ਹੁੰਦੀਆਂ ਹਨ। ਇਹ ਕਦਰਾਂ ਕੀਮਤਾਂ ਹੀ ਉਸ ਧਰਤੀ ਦੇ ਮਨੁਖ ਦੀ ਸ਼ਖਸੀਅਤ ਬਣਦੀਆਂ ਹਨ। ਇਹ ਕਦਰਾਂ ਕੀਮਤਾਂ ਉਸਦੀ ਮਾਨਸਿਕਤਾ ਦਾ ਅਨਿਖੜਵਾਂ ਅੰਗ ਬਣ ਜਾਂਦੀਆਂ ਹਨ। ਉਹ ਜੋ ਕੁਝ ਵੀ ਹੈ, ਇਸ ਕਲਚਰ ਦਾ ਬਣਾਇਆ ਹੈ। ਇਸ ਲਈ ਜਦੋਂ ਕੋਈ ਮਨੁਖ 'ਪਰਾਈ' ਧਰਤੀ ਦੇ ਕਲਚਰ ਵਿਚ ਜਾ 'ਫਸਦਾ' ਹੈ ਤਾਂ ਉਸਦੀ ਸ਼ਖਸੀਅਤ ਜਾਂ ਹੋਂਦ ਨੂੰ ਕਲਚਰ ਦੇ ਇਸ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸੰਕਟ ਨੂੰ ਇਕਾਂਗੀ ਦੂਜਾ ਪਾਸਾ ਬੜੇ ਸੁਚੱਜੇ ਤੇ ਕਲਾਮਈ ਢੰਗ ਨਾਲ ਪੇਸ਼ ਕਰਦਾ ਹੈ। ਹਰਨਾਮ ਸਿੰਘ ਇਸੇ ਸੰਕਟ ਦਾ ਸ਼ਿਕਾਰ ਹੈ। ਉਸਦੀ 'ਪੱਗ' ਨੂੰ ਵੇਖ ਕੇ ਗੋਰੇ ਮੁੰਡਿਆਂ ਦਾ 'ਕੁਤੀੜ ਵਾਧਾ' ਖਾਹਮ-ਖਾਹ ਉਸ ਨਾਲ ਛੇੜਖਾਨੀਆਂ ਕਰਦਾ ਹੈ। ਜਦੋਂ ਉਹ ਉਨ੍ਹਾਂ ਨੂੰ ਰੋਕਦਾ ਹੈ ਤਾਂ ਉਹ 'ਇੱਲਾਂ ਆਂਗੂੰ ਟੁਟ ਕੇ ਆ ਪਏ...ਪੱਗ ਖਿਚ ਕੇ ਥੱਲੇ ਸਿੱਟ ਤੀ।' ਉਸ ਨੇ ਵੀ ਇਕ ਦੋ ਦੇ ਲਾਈਆਂ 'ਪਰ ਤਿੰਨਾਂ ਅੱਗੇ ਕੱਲੇ ਦਾ ਕੀ ਬਣਦੈ ਉਤੋਂ ਬਗਾਨਾ ਮੁਲਖ।'

ਸੋ ਸੰਕਟ 'ਪੱਗ ਸਿੱਟਣੀ' ਤੇ 'ਬਗਾਨੇ ਮੁਲਖ' ਦੇ ਵਿਰੋਧੀ ਰਿਸ਼ਤੇ ਦਾ ਹੈ। ਦੂਜੇ ਸ਼ਬਦਾਂ ਵਿਚ 'ਆਪਣੇ' ਕਲਚਰ ਤੇ 'ਦੂਜੇ' ਕਲਚਰ ਦੀ ਟੱਕਰ ਦਾ ਹੈ। 'ਬਗਾਨੇ ਮੁਲਖ' (ਬਗਾਨੇ ਕਲਚਰ) ਵਿਚ 'ਪੱਗ' (ਆਪਣੇ ਕਲਚਰ) ਦੇ ਨਸ਼ਟ ਹੋਣ ਦਾ ਹੈ। ਜਿਹੜਾ 'ਪੱਗ ਸਿੱਟ ਕੇ ਉਥੋਂ ਵਰਗਾ' ਹੋਣ ਦਾ ਭੁਲੇਖਾ ਖਾਂਦਾ ਹੈ ਉਹ ਜਿਉਂਦਾ ਮਰਿਆਂ ਵਰਗਾ ਹੈ (ਬਲਵੰਤ : ਅੰ ਤਾਂ ਬਾਕੀ ਵੀ ਐਥੇ ਤੁਰੇ ਈ ਫਿਰਦੇ ਐ, ਸਾਰੇ ਤਾਂ ਨੀ ਐਂਥੇ। ਗੱਲ ਤਾਂ ਇਹ ਐ ਬਈ ਜਿਥੇ ਬੰਦਾ ਰਹੇ ਉਥੋਂ ਵਰਗਾ ਈ ਹੋ ਕੇ ਰਹੇ) ਪਰ ਮਸਲਾ ਤਾਂ ਇਹ ਹੈ ਕਿ ਕੀ 'ਕਪੜੇ' ਦੀ ਪੱਗ ਲਾਹਿਆਂ 'ਕਲਚਰ' ਦੀ ਪੱਗ ਸਿਰ ਤੋਂ ਲਹਿ ਜਾਵੇਗੀ? ਜਿਹਨਾਂ ਪੰਜਾਬੀਆਂ ਨੇ ਸਿਰ ਮੁਨਾ ਕੇ ਪੱਗਾਂ ਲਾਹ ਦਿਤੀਆਂ ਹਨ, ਕੀ ਉਹ ਇਸ ਸੰਕਟ ਤੋਂ ਬਰੀ ਹੋ ਗਏ ਹਨ? ਨਹੀਂ। ਹਰਨਾਮ ਸਿੰਘ ਦਾ ਪੁਤਰ ਗੁਰਦੀਪ, ਜੋ ਕਲੀਨ ਸ਼ੇਵਿਨ ਹੈ ਅਤੇ ਜਿਹੜਾ ਇਸ ਵਿਸ਼ਵਾਸ ਦਾ ਧਾਰਨੀ ਹੈ ਕਿ 'ਦੀਨ ਈਮਾਨ' ਪੱਗ ਤੋਂ ਬਿਨਾ ਵੀ ਰਹਿ ਸਕਦਾ ਹੈ, ਇਸੇ ਸੰਕਟ ਦਾ ਸ਼ਿਕਾਰ ਹੈ। ਉਹ ਬਲਵੰਤ ਵਾਂਗ ਮਰਿਆ ਬਣਕੇ ਨਹੀਂ ਜਿਉਣਾ ਚਾਹੁੰਦਾ ਜਿਹੜਾ ਪੈਸੇ ਨੂੰ ਹੀ ਸਭ ਕੁਝ ਸਮਝਦਾ ਹੈ। ਕਲਚਰ ਦੀ ਪੱਗ ਮੰਡੀ ਦਾ ਮਾਲ ਤਾਂ ਹੈ ਨਹੀਂ ਜਿਹੜਾ ਜਦੋਂ ਮਰਜ਼ੀ ਖਰੀਦ ਲਿਆ ਤੇ ਜਦੋਂ ਮਰਜ਼ੀ ਵੇਚ ਦਿਤਾ। ਇਹ ਤਾਂ ਬੰਦੇ ਦੀ ਖਮੀਰ ਦਾ ਹਿੱਸਾ ਹੈ ਜਿਸ 'ਤੇ ਉਸਦੀ ਜ਼ਿੰਦਗੀ ਨਿਰਭਰ ਕਰਦੀ ਹੈ। ਇਹ ਤਾਂ ਕਲੀਨ ਸ਼ਵਿਨ ਜਗਦੇਵ ਨੂੰ ਵੀ

## ਗੀਤ

ਪਰਮਪਾਲ ਦਾਨੀ

ਵਤਨ ਤੇਰਾ ਹੈ ਖ਼ਤਰੇ ਵਿੱਚ
ਬੜਾ ਰੋਨਾਂ, ਬੜਾ ਰੋਨਾਂ
ਰਗਾਂ ਵਿੱਚ ਖ਼ੂਨ ਹੈ ਤੇਰੇ
ਤਾਂ ਕੁੱਝ ਕਰਕੇ ਵਿਖਾ ਰੋਨਾਂ

ਤੂੰ ਸੁਣ ਨਨਕਾਣੇ ਵੇਲੇ ਦੀ
ਕਿਉਂ ਖ਼ਾਮੋਸ਼ ਬੈਠਾ ਏਂ
ਹੈ ਕੀ ਇਹ ਵਕਤ ਇਸ਼ਰਤ ਦਾ?
ਜੋ ਤੇ ਮਦਹੋਸ਼ ਬੈਠਾਂ ਏਂ
ਬਹਾਰ ਆਏ ਖ਼ਿਜ਼ਾ ਅੰਦਰ
ਕੋਈ ਨਗਮਾਂ ਸੁਣਾਂ ਰੋਨਾਂ
ਵਤਨ ਤੇਰਾ ਹੈ ਖ਼ਤਰੇ ਵਿੱਚ
ਬੜਾ ਰੋਨਾਂ, ਬੜਾ ਰੋਨਾਂ।

ਬਹੁਤ ਮਹਿਸੂਸ, ਅਫ਼ਸੋਸੀ,
ਵਤਨ ਵਿੱਚ ਹੋ ਗਏ ਪੈਦਾ
ਜ਼ਰਾ ਮੈਦਾਨ ਵਿੱਚ ਤੇ ਆ!
ਕਹਾਊਂ ਜੇ ਵਤਨ ਸ਼ੈਦਾ
ਕਿਸੇ ਅਬਲਾ ਦੇ ਰੋਣੇ ਦੀ
ਜਾਂ ਆਵੇ ਹੂਕ ਸਦਾ ਰੋਨਾਂ
ਵਤਨ ਤੇਰਾ ਹੈ ਖ਼ਤਰੇ ਵਿੱਚ
ਬੜਾ ਰੋਨਾਂ, ਬੜਾ ਰੋਨਾਂ।

ਕੁਰਬਾਨੀ ਤੋਂ ਬਿਨਾਂ ਬੰਦੇ ਦੀ
ਕਿਸਮਤ ਬਣ ਨਹੀ ਸਕਦੀ
ਕਰੇ ਹਿੰਮਤ ਅਗਰ ਬੰਦਾ
ਤੇ ਮੁਸ਼ਕਿਲ ਖੜ ਨਹੀ ਸਕਦੀ
ਲਿਆ ਤੇਰਾ ਰੂ ਸੰਗ ਤੇ
ਜੇ ਤੇ ਜਾਏਂ ਫ਼ਿਦਾ ਹੋਨਾਂ
ਵਤਨ ਤੇਰਾ ਹੈ ਖ਼ਤਰੇ ਵਿੱਚ
ਬੜਾ ਰੋਨਾਂ, ਬੜਾ ਰੋਨਾਂ।

ਉਠ! ਪਾਪਾਂ ਦੀ ਹਨੇਰੀ ਵਿੱਚ
ਉੱਡੀ ਜਾਂਦੀ ਹੈ ਅੱਜ ਅਸਮਤ
ਉਹ ਗੁਰਬਤ ਨੇ ਘੇਰਾ ਕੀਤੇ ਨੇ
ਤੇਰੇ ਵੀਰ ਪਰ ਕਿਸਮਤ
ਤੂੰ 'ਦਾਨੀ' ਵਾਂਗ ਪੁੱਟੇ ਜ਼ਖਮਿਆਂ
ਨੂੰ ਆਂ ਸਜਾ ਰੋਨਾਂ
ਵਤਨ ਤੇਰਾ ਹੈ ਖ਼ਤਰੇ ਵਿੱਚ
ਬੜਾ ਰੋਨਾਂ, ਬੜਾ ਰੋਨਾਂ
ਰਗਾਂ ਵਿੱਚ ਖ਼ੂਨ ਹੈ ਤੇਰੇ
ਤਾਂ ਕੁੱਝ ਕਰਕੇ ਵਿਖਾ ਰੋਨਾਂ।

ਕਹਿੰਦੀ ਹੈ ਕਿ ਗੁਰਦੀਪ ਨੂੰ ਕਹਿ; 'ਪਰਸੋਂ ਆਪਣੇ ਅਖੰਡ ਪਾਠ ਦਾ ਭੋਗ ਪੈਣਾ ਐ ਗੁਰਦੁਆਰੇ 'ਹਰਨਾਮ ਸਿਹੁੰ ਨੂੰ ਕਹਿ ਦਿਓ ਬਰ ਜ਼ਰੂਰ ਹਾਜ਼ਰ ਹੋਵੇ'।

'ਇਕ ਕੁੜੀ ਇਕ ਸੁਪਨਾ' ਵਿਚ ਅਜਮੇਰ ਰੋਡੇ ਨੇ ਉਨ੍ਹਾਂ ਕੁੜੀਆਂ ਦੇ ਦੁਖਾਂਤ ਨੂੰ ਮਨਤੀਮਾਨ ਕੀਤਾ ਹੈ ਜਿਹੜੀਆਂ ਵਿਦੇਸ਼ਾਂ ਵਿਚ ਜਾ ਕੇ 'ਸੁਰਗਾਂ ਵਿਚ ਰਹਿਣ' ਦੇ ਸੁਫਨੇ ਲੈਂਦੀਆਂ ਹਨ; ਪਰ ਜਦੋਂ ਉਹ ਕਠੋਰ ਯਥਾਰਥ ਨਾਲ ਟਕਰਾਉਂਦੀਆਂ ਹਨ ਤਾਂ ਉਹਨਾਂ ਦੇ ਸੁਫਨਿਆਂ ਦੀ ਰੰਗੀਨ 'ਦੁਨੀਆਂ ਖੇਰੂੰ ਖੇਰੂੰ ਹੋ ਜਾਂਦੀ ਹੈ। ਕੁਲਵੰਤ ਨਾਲ ਇਹੋ ਕੁਝ ਹੁੰਦਾ ਹੈ। ਉਸਦਾ ਪਤੀ ਜਗਮੇਲ ਉਸਨੂੰ ਪਸ਼ੂ ਤੋਂ ਵੱਧ ਕੁਝ ਨਹੀਂ ਸਮਝਦਾ ਕਿਉਂਕਿ ਉਸਦੇ ਮੂੰਡਾ ਨਹੀਂ (ਕਲਚਰ ਏਥੇ ਵੀ ਹੱਥ ਧੋ ਕੇ ਪਿਛੇ ਪਿਆ ਹੋਇਆ ਹੈ) ਭਾਵੇਂ ਇਸ ਸਮੱਸਿਆ ਦਾ ਮੂਲ ਪੰਜਾਬੀ ਕਲਚਰ ਹੀ ਹੈ ਪਰ ਕੁਲਵੰਤ ਦੇ ਦੁਖਾਂਤ ਵਿਚ ਵਾਧਾ ਇਹ ਹੈ ਕਿ ਉਹ ਪਰਦੇਸ ਵਿਚ ਬੈਠੀ ਆਪਣੇ ਮਾਂ ਬਾਪ, ਭੈਣ ਭਰਾ ਤੋਂ ਦੂਰ ਆਪਣੇ ਆਪ ਨੂੰ ਬੇਸਹਾਰਾ ਤੇ ਬੇਵਸ ਪਾਉਂਦੀ ਹੈ। ਉਹ ਕਿਸਦੇ ਗਲ ਲਗ ਕੇ ਰੋਵੇ ? ਇਕ ਸਹੇਲੀ ਪਰਮਿੰਦਰ ਹੈ ਪਰ ਉਹ ਤਾਂ ਉਸਤੋਂ ਕਿੰਨੀ ਦੂਰੀ 'ਤੇ ਰਹਿੰਦੀ ਹੈ, ਕੁਝ ਦਿਨਾਂ ਲਈ ਉਸ ਨੂੰ ਸਿਰਫ ਮਿਲਣ ਹੀ ਆਈ ਹੈ ? ਕੁਲਵੰਤ ਦੁੱਖਾਂ ਦਾ ਲਾਵਾ ਅੰਦਰ ਦਬਾਈ ਬੈਠੀ ਹੈ ਅਤੇ ਜਦੋਂ ਇਹ ਲਾਵਾ ਪਰਮਿੰਦਰ ਦੇ ਆਏ ਤੋਂ ਬਾਹਰ ਨਿਕਲਣ ਦਾ ਮੌਕਾ ਲਭਦਾ ਹੈ ਤਾਂ ਉਹ ਦਿਮਾਗੀ ਤਵਾਜ਼ਨ ਖੋ ਬੈਠਦੀ ਹੈ ਅਤੇ ਪਾਗਲ ਹੋ ਜਾਂਦੀ ਹੈ।

'ਵੀਜ਼ਾ' ਇਕ ਮਜ਼ਾਹੀਆ ਕਿਸਮ ਦਾ ਨਾਟਕ ਹੈ ਜਿਸ ਵਿਚ ਵੀਜ਼ਾ ਪ੍ਰਾਪਤੀ ਨਾਲ ਸੰਬੰਧਿਤ ਮਹਿਕਮਿਆਂ ਦੇ ਅਫਸਰਾਂ ਤੇ ਕਰਮਚਾਰੀਆਂ ਦੀ ਕੁਰੱਪਸ਼ਨ ਨੂੰ ਵਿਅੰਗਾਤਮਕ ਢੰਗ ਨਾਲ ਨੰਗਾ ਕੀਤਾ ਗਿਆ ਹੈ। ਵੀਜ਼ਾ ਪ੍ਰਾਪਤ ਕਰਨ ਦੇ ਇਛਕ ਆਦਮੀ ਦਾ ਆਖਰੀ ਕਪੜਾ (ਪੈਂਟ) ਲਾਹੁਣ ਲਈ ਝਪਟਦੇ ਮਿਸਟਰ ਸਿੰਗਲ ਦੇ ਸੰਕੇਤਕ ਕਾਰਜ ਰਾਹੀਂ ਰੋਡੇ ਨੇ ਵਿਅੰਗਾਤਮਕ ਸ਼ੈਲੀ ਵਿਚ ਇਸ ਖੇਤਰ ਦੇ ਭ੍ਰਿਸ਼ਟਾਚਾਰ ਦੀ ਯਥਾਰਥਕ ਤਸਵੀਰ ਖਿਚੀ ਹੈ।'

ਕਿਉਂਕਿ ਇਹਨਾਂ ਨਾਟਕਾਂ ਦੀ ਮੰਚ-ਪੇਸ਼ਕਾਰੀ ਵੇਖਣ ਦਾ ਨਸੀਬ ਮੈਨੂੰ ਹਾਸਿਲ ਨਹੀਂ ਹੋਇਆ ਇਸ ਲਈ ਇਸ ਪੱਖ 'ਤੇ ਕੁਝ ਨਾਂ ਕਹਿਣਾ ਹੀ ਬਣਦਾ ਹੈ। ਹਾਂ, ਨਾਟਕਾਂ ਦੀ ਬੁਣਤੀ ਇਸ ਸੰਭਾਵਨਾ ਵੱਲ ਸੰਕੇਤ ਜ਼ਰੂਰ ਕਰਦੀ ਹੈਕਿ ਇਹ ਮੰਚ ਉਤੇ ਸਫਲਤਾ ਸੰਗ ਖੇਡੇ ਜਾਣ ਦੇ ਗੁਣਾਂ ਦੇ ਧਾਰਨੀ ਹਨ। ਸਾਡੇ ਪਰਵੀਨ ਨਿਰਦੇਸ਼ਕਾਂ ਅਤੇ ਮੰਚ ਕਲਾਕਾਰਾਂ ਨੂੰ ਇਹ ਨਾਟਕ ਖੇਡਣ ਲਈ ਆਪਣੀ ਕਲਾ-ਅਜ਼ਮਾਈ ਕਰਨੀ ਚਾਹੀਦੀ ਹੈ। [ਅਜਮੇਰ ਸਿੰਘ ਔਲਖ]


If you are looking for
*Quality
* Quality

* Price
* After sale service when buying your car contact
Kuldip S. Jhand
ਕਿਸੇ ਪਰਕਾਰ ਦੀ ਕਾਰ ਖ਼੍ਰੀਦਣੀ ਜਾਂ ਟਰੇਡ ਕਰਨੀ ਹੋਵੇ ਤਾਂ ਖ਼੍ਰੀਦਣ ਤੋਂ ਪਹਿਲਾਂ ਕੁਲਦੀਪ ਝੰਡ ਨੂੰ ਮਿਲੋ ਜਾਂ ਫ਼ੂਨ ਕਰੋ

Office
521-7731
Res. 524-4137
WESTMINSTER CHEVROLET-OLDSMOBILE
12-th Ave. at Queens Ave
New West Minster


o o o o

## ਕਿਤੇ ਨਾਂ ਪਹੁੰਚਣ ਵਾਲੀ ਸੜਕ : ਰਾਜਬੀਰ

ਰਾਜਬੀਰ ਦੀ ਇਹ ਮਿਹਨਤ ਤੇ ਸਿਦਕ-ਦਿਲੀ ਨਾਲ ਲਿਖੀ ਹੋਈ ਦੂਜੀ ਕਾਵਿ-ਪੁਸਤਕ ਹੈ। ਕਿੰਨਾ ਕੁਝ ਹੀ ਨਵਾਂ ਇਸਨੇ ਆਪਣੀ ਕਵਿਤਾ ਦੇ ਘੇਰੇ ਵਿੱਚ ਲਿਆਂਦਾ ਹੈ। ਰਾਜਬੀਰ ਦੀ ਕਲਾ ਪ੍ਰਬੀਨਤਾ ਦਾ ਸਬੂਤ ਉਸਦੀ ਪਲੇਠੀ ਕਿਰਤ 'ਡੁੱਬਦੇ ਸੂਰਜ ਨਹੀਂ ਵੇਖੀਦੇ' ਦੀ ਚੋਖੀ ਚਰਚਾ ਤੋਂ ਵੀ ਮਿਲਦਾ ਸੀ।

ਆਪਣੀ ਹੀ ਲੈਅ ਵਿੱਚ ਸੁਤੰਤਰ ਉਡਾਰੀਆਂ ਮਾਰਦੀ ਉਸਦੀ ਕਵਿਤਾ ਉਨ੍ਹਾਂ ਦੀ ਸ਼ਰਮਿੰਦਗੀ ਦੀ ਗੱਲ ਤੋਰਦੀ ਹੈ ਜੋ ਕੁਦਰਤ ਦੀ ਦੇਣ ਆਜ਼ਾਦੀ ਨੂੰ ਆਪਣੇ ਕਬਜ਼ੇ ਦੀ ਮੁਹਤਾਜ ਕਰਨਾ ਚਾਹੁੰਦੇ ਹਨ। ਸਹਿਮੇ ਹੋਏ ਲੋਕਾਂ ਦੀ ਗੱਲ ਕਰਦਾ ਕਰਦਾ ਖ਼ੁਦ ਵੀ ਭਟਕ ਜਾਂਦਾ ਹੈ ਜਾਣੇ ਪਛਾਣੇ ਰਾਹਵਾਂ 'ਚ ਜੋ ਕਿ ਸਭ ਢੁੱਕੀ ਧਨਸਪਤੀ ਤੋਂ ਅੱਗੇ ਕਿਤੇ ਨਹੀਂ ਪਹੁੰਚਦੇ। ਉਹਦੀ ਕਵਿਤਾ ਦਾ ਅੰਗ ਅਜਿਹੇ ਹੀ ਹੋਰ ਅਨੇਕ ਰਸਤੇ ਨੇ ਜਿੱਥੇ ਰੁੱਖ ਕੁਲੱਤਣ ਝੁੱਕਦੇ ਅਤੇ ਦੰਗਿਆ ਬਣੀ ਲੈਂਦੇ ਨੇ।

ਮਨੋਰਥ ਤੋਂ ਭਾਵਕ ਹੋਇਆ ਕਦੀ ਅੰਬਰ ਦੀ ਨੀਲੱਤਣ 'ਚ ਸਮਾ ਜਾਣ ਲਈ ਬਿਹਬਲ ਹੋ ਉਠਦਾ ਹੈ। ਬ੍ਰਹਿਮੰਡ ਵਿਚਲੀ ਕਾਲਖ ਅਤੇ ਕਾਲੇ ਆਕਾਸ਼ ਛਾਈ ਹੋਈ ਖ਼ਮੋਸ਼ੀ ਉਸਨੂੰ ਸੁਤੇ ਪਿਆਂ ਦੀ ਰੜਕਦੀ ਰਹਿੰਦੀ ਹੈ। ਲਾਖੇ ਘੋੜੇ ਦੇ ਦਰਦ ਦੀ ਦਾਸਤਾਂ ਨੂੰ ਬਾਰ ਬਾਰ ਪੜ੍ਹਨ ਦੇ ਬਾਵਜੂਦ ਵੀ ਪਾਠਕ ਸੋਚਦਾ ਹੈ ਕਿ ਇਸਤੋਂ ਅੱਗੇ ਵੀ ਕੋਈ ਦੁੱਖ ਹੁੰਦਾ ਹੋਵੇਗਾ ?

ਉਹ ਬੱਚੇ ਦੀ ਖੇਡ 'ਚ ਤਮਾਮ ਜ਼ਿੰਦਗੀ ਦੀ ਗਹਿਰਾਈ ਭਰ ਦੇਂਦਾ ਹੈ। ਉਹਦੀ ਕਵਿਤਾ ਆਵਾਜ਼ ਹੈ ਉਹਨਾਂ ਲੋਕਾਂ ਦੀ ਜੋ ਕਤਲ ਤਾਂ ਹੋ ਚੁੱਕੇ ਹਨ ਪਰ ਆਸ ਰਖਦੇ ਹਨ ਬਲਦੇ ਹੋਏ ਦੀਵਿਆਂ ਦੇ ਚਾਨਣ 'ਚ ਬੈਠਣ ਦੀ। ਆਪਣੇ ਲਹੂ 'ਚ ਰਚਦੀ ਜਾ ਰਹੀ ਦੁਸ਼ਮਣ ਦੀ ਚਾਲ ਤੋਂ ਉਹ ਪੂਰੀ ਤਰ੍ਹਾਂ ਸੁਚੇਤ ਹੈ। ਆਪਣੇ ਗੀਤ ਦੇ ਗੁੰਮੇ ਹੋਏ ਅੱਖਰ ਰਾਹੀਂ ਉਹ ਆਪਣੇ ਮਨ ਦੀ ਹਾਲਤ ਬਿਆਨ ਕਰਦਾ ਹੋਇਆ ਅਚਨਚੇਤ ਹੀ ਆਪਣੇ ਅਣਕੀਤੇ ਗੁਨਾਹਾਂ ਨੂੰ ਕਬੂਲ ਕਰ ਜਾਂਦਾ ਹੈ।

ਨਿਰੋਏ ਢੰਗ ਜੀ ਰਹੀ ਹੋਂਦ ਨੂੰ ਮਹਿਸੂਸਦਾ ਹੋਇਆ ਉਹ ਜ਼ਿੰਦਗੀ ਦੀ ਸਰਲਤਾ ਤੇ ਸੱਚ ਨੂੰ

ਕਬੂਲ ਕਰਦਾ ਹੈ - ਲਾਰਿਆਂ ਭਰੀ ਕੂੜੀ ਤਸੱਲੀ 'ਚ ਉਹ ਵਿਸ਼ਵਾਸ਼ ਨਹੀਂ ਕਰਦਾ।

ਰਾਜਬੀਰ ਦੀ ਕਵਿਤਾ ਵਿੱਚ ਦੂਜਿਆਂ ਲਈ ਜੀਣ ਦੀ ਰੀਝ ਅਤੇ ਹਾਲਾਤ ਤੋਂ ਉਚਿਆਂ ਉੱਠਕੇ ਜੂਝਣ ਦੀ ਤਾਂਘ ਹੈ। ਰਾਤ ਦੇ ਹਨੇਰੇ ਦਾ ਵਿਰੋਧ ਕਰ ਰਹੇ ਨਿੱਕੇ ਜਿਹੇ ਬੀਂਡੇ ਦੇ ਜ਼ਿਕਰ ਨਾਲ ਉਹ ਮਨੁੱਖ ਵਿਚਲੇ ਸੁੱਤੇ ਹੋਏ ਮਨੁੱਖ ਨੂੰ ਹਲੂਣਾ ਦੇਂਦਾ ਹੈ।

ਕੁਲਬੀਰ ਸੂਰੀ ਦੇ ਵਿਅਕਤੀ ਚਿਤਰ ਦੀ ਕਾਰੀਗਰੀ ਨੂੰ ਤਾਂ ਜ਼ਰੂਰ ਸਲਾਹੁਣਾ ਪਵੇਗਾ। ਇੱਕ ਪਾਸੇ ਰਾਜਬੀਰ ਉਸਦੇ ਸਮੁੱਚੇ ਵਿਅਕਤੀਤਵ ਤੇ ਤੋਰ ਨੂੰ ਆਪਣੀ ਕਵਿਤਾ ਵਿੱਚ ਭਰ ਦੇਂਦਾ ਹੈ ਦੂਜੇ ਪਾਸੇ ਸਮਾਜ ਦੀ ਵੱਡੀ ਲਾਅਣਤ ਰਿਸ਼ਵਤਖੋਰੀ ਨੂੰ ਨਸੀਹਤ ਭਰੇ ਲਹਿਜੇ ਨਾਲ ਭੰਡ ਜਾਂਦਾ ਹੈ।

ਚੌਰਾਹੇ 'ਚ ਵਿਚਰਦੀਆਂ ਮਨਹੂਸ ਘਟਨਾਵਾਂ ਦਾ ਹਰ ਆਉਂਦੇ ਸੂਰਜ ਤੇ ਫ਼ੈਸਲਾ ਛੱਡਣਾ - ਉਹ ਸੂਰਜ ਜੋ ਰੋਜ਼ ਹੀ ਡੁੱਬ ਜਾਂਦਾ ਹੈ ਬਿਨਾਂ ਕੋਈ ਫ਼ੈਸਲਾ ਕੀਤੇ - ਪਾਠਕਾਂ ਲਈ ਕਿਸੇ ਨਵੇਂ ਸੂਰਜ ਦੀ ਤਲਾਸ਼ ਲਈ ਪ੍ਰੇਰਣਾ-ਸ੍ਰੋਤ ਹੈ। ਘਾਇਲ ਪੰਛੀ ਦਾ ਦੁੱਖ ਉਹ ਜਿਸ ਸ਼ਬਦ ਦੁਆਰਾ ਬਿਆਨ ਕਰਦਾ ਹੈ ਉਸਦਾ ਅਰਥ ਕਵੀ ਖੁਦ ਤਾਂ ਨਹੀਂ ਸਮਝਦਾ ਪਰ ਆਪਣੇ ਪਾਠਕ ਨੂੰ ਜ਼ਰੂਰ ਸਮਝਾ ਦੇਂਦਾ ਹੈ।

- ਲਾਟ ਭਿੰਡਰ
(Edmonton, Alberta)

## ਪਿਛਲੇ ਅੰਕ ਦਾ ਰੀਵੀਊ :- ਅਵਤਾਰ ਗਿੱਲ

ਮਸ਼ਹੂਰ ਫ਼ਾਰਮ ਵਿਚ ਕੰਮ ਕਰਨ ਵਾਲੀਆਂ ਔਰਤਾਂ ਨਾਲ ਇੰਟਰਵਿਊ ਅਤੇ ਮਨਜੀਤ ਗਿੱਲ ਦੀ ਕਹਾਣੀ 'ਵਿਛੜੀ ਕੂੰਜ' ਸਾਰੀ ਅੰਕ ਦੀ ਜਿੰਦ ਜਾਨ ਹਨ। ਜਿੰਦੂ ਨਾਲ ਜੋ ਕਹਿਰ ਮਨਜੀਤ ਨੇ ਪਹਿਰ ਦੇ ਤੜਕੇ ਵਾਪਰਦਾ ਦਰਸਾਇਆ ਹੈ, ਇਹ ਕੋਈ ਵਿਕੋਲਿਤਰੀ ਘਟਨਾ ਨਹੀਂ। ਅਜਿਹੇ ਭਾਣੇ ਸਾਡੇ ਨੇੜੇ ਤੇੜੇ ਆਏ ਮਹੀਨੇ ਵਰਤਦੇ ਰਹਿੰਦੇ ਹਨ ਅਤੇ ਅਸੀਂ ਇਹਨਾਂ ਨੂੰ ਕੰਨ ਲਪੇਟੀ 'ਮਿੱਠਾ ਕਰਕੇ' ਮੰਨੀ ਜਾ ਰਹੇ ਹਾਂ।

ਸੈਲੀ ਔਰਕਲੀਗ ਅਤੇ ਕੈਥ ਕੈਨਵੇਲਾ ਦੀਆਂ ਕਵਿਤਾਵਾਂ ਜਚਦੀਆਂ ਹਨ ਕੁੱਝ ਨਾ ਕੁੱਝ ਪੱਲੇ ਪੈ ਜਾਂਦਾ ਹੈ, ਸੁਰਜੀਤ ਕਲਸੀ ਦੀ ਕਵਿਤਾ 'ਅੰਤਰ ਘੱਟ ਤੱਕ ਪਿਆਸੀ' ਬਹੁਤ ਅਸਪਸ਼ਟ ਹੈ - ਲਿਖੇ ਮੂਸਾ ਪੜ੍ਹੇ ਖੁਦਾ ਵਾਲੀ ਗੱਲ - ਸਧਾਰਨ ਪੰਜਾਬੀ ਪਾਠਕ ਦੀ ਪਕੜ ਤੋਂ ਕੋਹਾਂ ਦੂਰ।

ਦੂਰੋਂ ਨੇੜਿਉਂ ਕਾਲਮ ਵਿਚ ਕੁੱਝ ਕਹਿਣ ਦੀ ਜੁਰਅੱਤ ਕੀਤੀ ਗਈ ਹੈ। ਆਮ ਅਖ਼ਬਾਰਾਂ 'ਖ਼ਾਲਿਸਤਾਨ' ਦੇ ਮਸਲੇ ਤੇ ਇਕ ਧੂਤੂ ਦਾ ਕੰਮ ਕਰਦੀਆਂ ਹਨ। ਦਾਤੇ ਜੋ ਕੁੱਝ ਉਚਾਰਨ ਸਤ ਬਚਨ ਆਖ ਪਾਠਕਾਂ ਤੱਕ ਪਹੁੰਚਾ ਦੇਣਾ ਅਜਿਹੀਆਂ ਰੰਗੀਆਂ ਅਖ਼ਬਾਰਾਂ ਦਾ ਪਰਮ ਧਰਮ ਹੁੰਦਾ ਹੈ। ਇਸ ਤਰ੍ਹਾਂ ਸਿਰਾਂ ਦੀ ਘਰਮਾਤ ਲੱਗੀ ਰਹਿੰਦੀ ਹੈ। ਹੋਰ ਵੀ ਚੰਗਾ ਹੁੰਦਾ ਜੇਕਰ ਵਰਤੋਂ ਦੂਰ ਦੇ ਪਾਠਕਾਂ ਦਾ ਧਿਆਨ ਇਸ ਸਵਾਲ ਵੱਲ ਦਿਵਾਇਆ ਜਾਂਦਾ: ਸਿੱਖ ਧਰਮ ਹੈ ਜਾਂ ਕੌਮ? ਪੰਜਾਬੀ ਇਕ ਕੌਮ ਹਨ ਜਾਂ ਸਿੱਖ? ਭਾਰਤ ਵਿਚ ਅੱਜ ਕਿੰਨੇ ਧਰਮ ਹਨ? ਜੇਕਰ ਇਹਨਾਂ ਸਾਰੇ ਧਰਮਾਂ ਨੂੰ ਵੱਖਰੀ ਵੱਖਰੀ ਕੌਮ ਮੰਨ ਲਿਆ ਜਾਏ ਅਤੇ ਇਹ ਕੌਮਾਂ ਆਪਣੀ ਆਪਣੀ ਅੱਧ ਪਾ ਖਿਚੜੀ ਅੱਡ ਪਕਾਉਣ ਲਈ ਅੱਡੋ ਅੱਡਰੇ ਚੁੱਲੇ ਉਸਾਰਨ ਲੱਗ ਪੈਣ ਤਾਂ ਜ਼ਰਾ ਸੰਜੀਦਗੀ ਨਾਲ ਸੋਚੋ ਕਿ ਭਾਰਤ ਦੇਸ਼ ਦਾ ਕੀ ਬਣੇਗਾ? ਇਕ ਗੱਲ ਹੋਰ, ਇਸ ਵੇਲੇ ਪੰਜਾਬ ਵਿਚ 52 ਫੀ ਸਦੀ ਸਿੱਖ ਹਨ ਅਤੇ ਇਹ ਸਿੱਖ ਕਈਆਂ ਸਿਆਸੀ ਪਾਰਟੀਆਂ ਨਾਲ ਸਬੰਧਤ ਹਨ। ਜਿਸ ਪਾਰਟੀ ਨੇ ਇਹ 'ਖ਼ਾਲਿਸਤਾਨੀ' ਸ਼ੋਸ਼ਾ ਛੱਡਿਆ ਹੈ, ਉਹ ਖ਼ੁਦ ਦੋਂਹ ਗੁੱਟਾਂ ਵਿਚ ਵੰਡੀ ਹੋਈ ਹੈ। ਜਦੋਂ ਸਾਡੇ ਗੁਆਂਢੀ ਹਾਕਮਾਂ ਦਾ ਸਿੰਘਾਸਨ ਡੋਲਦਾ ਹੈ ਤਾਂ ਇਸਲਾਮ ਖ਼ਤਰੇ ਵਿਚ ਪੈ ਜਾਂਦਾ ਹੈ। ਜਦੋਂ ਜਥੇ-ਦਾਰਾਂ ਦੀ ਮੰਜੀ ਦੀ ਚੂਲ ਹਿੱਲਣ ਲੱਗ ਪੈਂਦੀ ਹੈ ਤਾਂ ਪੰਥ ਖ਼ਤਰੇ ਵਿਚ ਪੈ ਜਾਂਦਾ ਹੈ, ਸੋਚ ਨੂੰ ਛਿੱਕੇ ਟੰਗ ਕੇ ਜਦੋਂ ਅਸੀਂ ਕਿਸੇ ਮਗਰ ਲੱਗ ਤੁਰਦੇ ਹਨ ਤਾਂ ਅਸੀਂ ਸਪਸ਼ਟ ਤੌਰ 'ਤੇ ਇਹ ਸਿੱਧ ਕਰ ਰਹੇ ਹੁੰਦੇ ਹਾਂ ਕਿ ਭੇਡਾਂ ਸਿਰਫ ਚਾਰ ਲੱਤੀਆਂ ਹੀ ਨਹੀਂ, ਦੋ ਲੱਤੀਆਂ ਵੀ ਹੁੰਦੀਆਂ ਹਨ।

ਜੋਸੇ ਲਖਨਾਂ ਦੀ ਕਹਾਣੀ 'ਸਿਰਕਾ' ਦਾ ਅਨੁਵਾਦ ਕਰਨ ਲੱਗਿਆਂ ਦਲੀਆ ਦਲੀਆ ਕਰਕੇ ਗੱਲੋਂ ਗਲਾਵੇਂ ਲਾਹੁਣ ਵਾਲੀ ਗੱਲ ਕੀਤੀ ਗਈ ਹੈ।

ਸਾਰੇ ਅੰਕ ਵਿਚ ਅਣਗਿਣਤ ਅਜਿਹੇ ਸੰਕੇਤ ਮਿਲਦੇ ਹਨ ਜਿਵੇਂ ਪਰਚਾ ਭੱਜੇ ਜਾਂਦਿਆਂ ਤਿਆਰ ਕੀਤਾ ਹੋਵੇ। ਜੇਕਰ ਪਹਿਲੇ ਹਿੱਸੇ ਦੀਆਂ ਖ਼ਾਮੀਆਂ ਨੂੰ ਪਿਛਲੇ ਹਿੱਸੇ ਦੀਆਂ ਖੂਬੀਆਂ ਨਾਲ ਢੱਕਿਆ ਨਾ ਜਾਂਦਾ ਤਾਂ ਸਮੁੱਚੇ ਅੰਕ ਦਾ ਸਰੂਪ ਵਿਗੜ ਜਾਣਾ ਸੀ। o o o

# ਵੀਹ ਹਜ਼ਾਰ ਦੀ ਜ਼ਮਾਨਤ

ਸੰਤੋਖ ਛੀਨਾ ਐਮ. ਏ.

ਨੀ ਤੈਨੂੰ ਕੁਝ ਪਤਾ ਏ ਬਚਨੀਏ ?"

" ਨੀ ਕਾਹਦਾ ਪਤਾ" ਅੱਗੋਂ ਹੈਰਾਨੀ ਨਾਲ ਕਰਮੀ ਨੂੰ ਉੱਤਰ ਦੇਂਦਿਆਂ ਬਚਨੀ ਨੇ ਕਿਹਾ।

"ਲੈ ਨੀ ਸਰਦਾਰਾਂ ਦਾ ਮੁੰਡਾ ਪਾਰ ਲੰਘ ਗਿਆ।" ਕਰਮੀ ਨੇ ਗੱਲ ਦੀ ਘੁੰਡੀ ਖੋਲ੍ਹਦਿਆਂ ਕਿਹਾ।

"ਹਾਂ ਨੀ ਮੈਨੂੰ ਤਾਂ ਤੈਥੋਂ ਪਤਾ ਲੱਗਿਆ। ਲੋਕੀਂ ਤਾਂ ਭੇਤ ਨਹੀਂ ਕੱਢਦੇ ਗੱਲ ਦਾ। ਭਲਾ ਕਿਸੇ ਕੋਈ ਲਿੱਖ ਚੋਣਾ ਮਾਰ ਦੇਈ ਹੈ।"

ਬਚਨੀ ਨੇ ਗਲ ਦੀ ਲੜੀ ਤੋਰਦਿਆਂ ਕਿਹਾ। ਪਾਥੀਆਂ ਪੱਥਦੀਆਂ ਗੁਆਂਢਣਾਂ ਨੇ ਆਪਣੀ ਗਲਬਾਤ ਦਾ ਵਿਸ਼ਾ ਕੈਨੇਡਾ ਹੀ ਰੱਖਿਆ। ਫਿਰਨੀ ਫਿਰਨੀ ਤੁਰੀ ਜਾਂਦੀ ਗੜੋ ਨੂੰ ਵੀ ਅਵਾਜ਼ ਮਾਰ ਕੇ ਕਰਮੀ ਨੇ ਰੋਕ ਲਿਆ ਅਤੇ ਅੱਗੋਂ ਉਸਨੂੰ ਵੀ ਉਹੋ ਹੀ ਸਵਾਲ ਪੁੱਛਿਆ।

"ਹਾਂ ਨੀ ਭੈਣੇ ਉਹਨੂੰ ਤਾਂ ਪਹੁੰਚੇ ਨੂੰ ਵੀ ਇਸ ਸੰਗਰਾਂਦ ਨੂੰ ਮਹੀਨਾ ਹੋ ਜਾਣਾ ਹੈ। ਸਰਦਾਰਨੀ ਨੇ ਮੇਰੇ ਨਾਲ ਗੁਆਂਢ ਹੋਣ ਕਰਕੇ ਗੱਲ ਕੀਤੀ ਸੀ। ਹਾਲੇ ਪਿਛਲੇ ਹਫ਼ਤੇ ਹੀ ਤਾਂ ਉਹਦੀ ਤਾਰ ਆਈ ਏ ਕਿ ਠੀਕ ਠਾਕ ਪਹੁੰਚ ਗਿਆ ਹੈ। ਲੈ ਨੀ! ਕੱਲ੍ਹ ਉਹਦਾ ਪੰਜ ਹਜ਼ਾਰ ਰੁਪਈਆ ਵੀ ਆਇਆ।"

" ਲੈ ਨੀ ਸੱਚੀ?" ਬਚਨੀ ਨੇ ਹੈਰਾਨੀ ਨਾਲ ਗੜੋ ਨੂੰ ਪੁੱਛਿਆ।

"ਹਾਂ ਬਚਨੀਏ! ਸਰਦਾਰਨੀ ਨੇ ਮੈਨੂੰ ਸੌਂਹ ਚੁਕਾਈ ਸੀ ਕਿ ਕਿਸੇ ਨਾਲ ਗੱਲ ਨਾ ਕਰੀਂ। ਮੈਂ ਤੁਹਾਡੇ ਨਾਲ ਹੀ ਗੱਲ ਕੀਤੀ ਹੈ। ਸਰਦਾਰਨੀ ਤਾਂ ਪਾਣੀ ਹੀ ਨਹੀਂ ਪੈਣ ਦਿੰਦੀ, ਕਹਿੰਦੀ ਏ ਕਿ ਜਿਹੜਾ ਪੈਸਾ ਉਸ ਘੱਲਿਆ ਉਹ ਨਾਲ ਲੈ ਕੇ ਗਿਆ ਸੀ"।

ਗੜੋ ਨੇ ਅੱਗੋਂ ਹੋਰ ਭੇਤ ਖੋਲ੍ਹਦਿਆਂ ਕਿਹਾ "ਲੈ ਨੀ, ਮੈਨੂੰ ਅੱਗੋਂ [illegible] ਕਹਿੰਦੀ, ਮੁੰਡਾ ਪਹੁੰਚ ਗਿਆ ਏ ਕਿਸੇ ਸ਼ਹਿਰ ਅਤੇ ਉਥੇ ਹੀ ਰਹਿੰਦਾ ਹੈ।" ਬਚਨੀ ਨੇ ਗੱਲ ਦਾ ਹੁੰਗਾਰਾ ਭਰਦਿਆਂ ਕਿਹਾ।

"ਚੱਲ ਨੀ ਭਲਾ ਹੋਵੇ ਉਸ ਨਵੇਂ ਸ਼ਹਿਰ ਵਾਲੇ ਏਜੰਟ ਦਾ।

ਲੈ ਨੀ ਕੈਹਾ ਮੁੰਡਾ ਸਿੱਧਾ ਪਾਰ ਲਾ ਦਿੱਤਾ ਪਰ ਪੈਸਾ ਲੋਹੜੇ ਦਾ ਕਹਿੰਦੇ ਲੱਗਾ।" ਗੜੋ ਨੇ ਅੱਗੋਂ ਦੱਸਿਆ।

ਚੱਲ ਨੀ ਤਾਂ ਕੀ ਹੋਇਆ। ਪੈਸੇ ਲੱਗ ਕੇ ਹੀ ਗੱਲ ਬਣਦੀ ਏ। ਸਭ ਜਾਣੀ ਮੇਰੀ ਤਾਂ ਕਿਸਮਤ। ਮੈਨੂੰ ਤਾਂ ਦੋ ਸਾਲ ਹੋ ਗਏ ਮੇਰੇ ਦੇ ਭਾਈਏ ਨੂੰ ਪਿਟਦੀ ਨੂੰ ਕਿ ਤੂੰ ਵੀ ਜਿਹੜੇ ਚਾਰ ਸਿਆੜ ਹਨ ਅੱਗ ਲਾ ਦੇ, ਦੂਰ ਦੇ ਅਤੇ ਪੁੱਤ ਦੇ ਮੁੰਡੇ ਨੂੰ ਕੈਨੇਡਾ। ਆਪਾਂ ਵੀ ਐਸ਼ਾਂ ਲੁੱਟ ਕੇ ਦੇਖ ਲਈਏ। ਉਹਦੇ ਤਾਂ ਭੈਣੇ ਕੰਨ ਉੱਤੇ ਜੂੰ ਵੀ ਨਹੀਂ ਸਰਕਦੀ। ਬੱਸ ਉਹਨੂੰ ਤਾਂ ਦਾਰੂ ਦੀ ਹੀ ਅੱਗ ਲੱਗੀ ਰਹਿੰਦੀ ਹੈ। ਅੱਗੋਂ ਕਹਿਣ ਲੱਗ ਪੈਂਦਾ ਹੈ ਨੀ ਪਾਗਲਾਂ ਵਾਂਗੂੰ ਕਿ ਏਜੰਟ ਧੋਖਾ ਵੀ ਬੜਾ ਕਰਦੇ ਏ। ਪੈਸਾ ਲੈ ਕੇ ਤਿੱਤਰ ਹੁੰਦੇ ਹਨ। ਬੰਦਾ ਪਾਰ ਲੱਗਦਾ ਵੀ ਨਹੀਂ। ਕਰਮੀ ਨੇ ਸਾਰੀਆਂ ਗੱਲਾਂ ਵਿੱਚ ਦਾ ਬੋਝ ਹੌਲਾ ਕਰਦਿਆਂ ਰਫ਼ਾ ਦਫ਼ਾ ਕਰ ਦਿੱਤੀਆਂ।

"ਲੈ ਨੀ ਖਸਮ ਤੇਰਾ ਸੱਚਾ ਏ। ਸੁਣਿਆ ਤੂੰ ਜਲਾਲੇ ਸ਼ਹਿਰ ਦਾ ਏਜੰਟ ਪੰਦਰਾਂ-ਵੀਹ ਮੁੰਡੇ ਗਹੀਆਂ ਲਈ ਤਿਆਰ ਕਰਕੇ ਲੈ ਗਿਆ, ਲੋਕਾਂ ਵਿਚਾਰਿਆਂ ਜ਼ਮੀਨਾਂ ਵੇਚ ਕੇ ਇੱਕ ਇੱਕ ਹਜ਼ਾਰ ਉਹਦੇ ਮੱਥੇ ਮਾਰਿਆ। ਸਾਰੀ ਗੱਲ ਦਿੱਲੀ ਕਰਕੇ ਨੀ ਭੈਣੇ! ਖਸਮ ਨੂੰ ਖਾਣਾ ਬੱਚੇ ਛੱਡ ਕੇ ਤਿੱਤਰ ਹੋਇਆ। ਉਹ ਤੱਕ ਨਹੀਂ ਲੱਭਿਆ। ਮੁੰਡਿਆਂ ਵਿਚਾਰਿਆਂ ਨੇ ਹੋਟਲਾਂ ਦੇ ਭਾਂਡੇ ਮਾਂਜ ਕੇ ਕਮਾਇਆ ਕੀਤਾ, ਤਾਂ ਘਰ ਪੁੱਜੇ। ਉਹ ਰੋਂਦੇ ਫਿਰਦੇ ਨੇ ਉਹਦੀ ਨਿਆਣੀ ਦੀ ਜਾਨ ਨੂੰ।" ਗੜੋ ਨੇ ਹੌਸਲਾ ਦਿੰਦਿਆ ਕਿਹਾ।

ਤੈਨੂੰ ਪਤਾ ਨੀ, ਆਪਣੇ ਪਿੰਡ ਦਾ ਉਹ ਜਗੀਰੇ ਕੇ ਰੂਪਾਂ ਦਾ ਮੁੰਡਾ ਵੀ ਉਹਨਾਂ ਵਿੱਚੋਂ ਸੀ ਸੁਣਿਆ ਵਿਚਾਰਾ ਕਿੰਨਾ ਸੋਹਣਾ ਸਰਦਾਰ ਲੱਗਦਾ ਸੀ। ਰੋਜ਼ ਗੁਰਦੁਆਰੇ ਪਾਠ ਕਰਦਾ ਸੀ, ਲੈ ਨੀ ਉਹ ਤਾਂ ਪਛਾਣਿਆਂ ਹੀ ਨਹੀਂ ਜਾਂਦਾ। ਦੂਰੋਂ ਤੁਰਿਆ ਆਉਂਦਾ ਤਾਂ ਨਿਰਾ ਅਧਰਮੀਆਂ ਦਾ ਛੱਡੂ ਲੱਗਦਾ ਹੈ।" ਬਚਨੀ ਨੇ ਗੱਲ ਨੂੰ ਅੱਗੋਂ ਤੋਰਦਿਆਂ ਕਿਹਾ।

ਚੱਲ ਨੀ ਜਿਹੜਾ ਪਾਰ ਲੰਘ ਗਿਆ ਉਹਦੀਆਂ ਤਾਂ ਰੂਹਾਂ ਤਰ ਗਈਆਂ। ਸੁਣਿਆ ਉਥੇ ਤਾਂ ਨੋਟ ਦਰਖ਼ਤਾਂ ਨਾਲ ਲੱਗਦੇ ਹਨ। ਮੈਨੂੰ ਰਤਨੇ ਦੀ ਭਾਗੋ ਨੇ ਦੱਸਿਆ ਕਿ ਨੀ ਇਕ ਫਿਟਫਿਟੀ ਵਾਲਾ ਭਾਈ ਆਉਂਦਾ ਏ। ਹਰ ਮਹੀਨੇ ਪੰਜ ਹਜ਼ਾਰ ਫੜਾ ਕੇ ਤਿੱਤਰ ਹੁੰਦਾ ਹੈ। ਉਹ ਤਾਂ ਪਿੱਛਾ ਵੀ ਮੁੜ ਕੇ ਨਹੀਂ ਦੇਖਦਾ। ਹਾਲੇ ਉਹਨਾਂ ਦਾ ਮੁੰਡਾ ਗਰਮੀਆਂ ਵਿੱਚ ਗਿਆ ਸੀ। ਪੈਸਾ ਹੀ ਪੈਸਾ ਕਰ ਦਿੱਤਾ ਮੁੰਡੇ ਨੇ। ਉਸਾਰ ਹੋਵੇ ਤਾਂ ਇਹਨਾਂ ਦੀ ਹੋਵੇ। ਕਰਮੀ ਨੇ ਹੌਕਾ ਭਰਦਿਆਂ ਗੱਲ ਖ਼ਤਮ ਕੀਤੀ।

ਐਨੇ ਨੂੰ ਸਕੂਲੋਂ ਅੱਧੀ ਛੁੱਟੀ ਦੀ ਘੰਟੀ ਵੱਜੀ। ਬੱਚੇ ਤੇ ਮਾਸਟਰ ਘਰਾਂ ਨੂੰ ਆਉਂਦੇ ਸੜਕ ਉੱਤੇ ਇਕੱਠ ਦੇਖ ਕੇ ਖਲੋ ਗਏ।

ਦਰ ਅਸਲ ਸਰਦਾਰਾਂ ਦਾ ਮੁੰਡਾ ਵਿਚਾਰਾ ਬਦਕਿਸਮਤੀ ਨਾਲ ਜਾਅਲੀ ਹੋਣ ਕਰਕੇ ਫੜਿਆ ਗਿਆ, ਅਤੇ ਵਾਪਸ ਜਹਾਜ਼ ਚੜ੍ਹਾ ਦਿੱਤਾ।

ਬਾਕੀ ਸਫ਼ਾ ੨੫ ਤੇ

# Inflation-resistant Insurance

BUS: 682-7531

RES: 254-5837



Sudesh Kalia

**"I've got a plan to help you build a better tomorrow."**

REDUCE YOUR INCOME TAX AND BUILT A GUARANTEED PENSION

MAKE THAT CALL NOW

**NORTH AMERICAN LIFE**

1010-1090 West Georgia St., Vancouver,


## ਹੇ ਮੰਜ਼ਿਲੇ — ਰਣਜੀਤ ਚੌਹਾਨ

ਜ਼ਿੰਦਗੀ ਇਕ ਟਿਮਟਿਮਾਉਂਦਾ ਤਾਰਾ ਹੀ ਸਹੀ
ਜਿਸਦੇ ਬੁਝਦੇ ਦੀਆਂ ਰਾਤਾਂ ਨੂੰ
ਇਤਿਹਾਸ ਦੇ ਪੰਨਿਆਂ 'ਚੋਂ ਟੋਲਦਿਆਂ
ਅੱਖਾਂ ਜੇ ਚੁੰਧਿਆਈਆਂ ਆਕਾਸ਼ ਕਹਿ ਦਿੱਤੀ ਹੋਵੇਗੀ।
ਮੇਰਾ ਐਵੇਂ,
ਡੂੰਘੇ ਸਮੁੰਦਰ 'ਚੋਂ
ਮੱਛੀਆਂ ਦੀ ਭਾਲ ਕਰਨਾ
ਤੂਫ਼ਾਨ ਵਿਚ ਤਰ੍ਹਾਂ ਦੀ ਸਿਆਣਪ ਹੋਵੇਗੀ
ਜਿੰਨਾਂ ਔਖਾ ਹੁੰਦਾ ਹੈ.
ਕਿਸੇ ਦੀਆਂ ਅੱਖਾਂ 'ਚ,
ਸੁਰਮਾਂ ਪਾਏ ਬਗੈਰ ਰੜਕਿਆਂ.
ਗਰਦਸ਼ ਤੋਂ ਬਚਾਈ ਰੱਖਣ,
ਕੁਝ ਉਨ ਵੀ ਤਾਂ ਹੁੰਦੇ ਨੇ,
ਜਿਹੜੇ ਆਪਣੀਆਂ ਗਲੀਆਂ ਦੇ,
ਜ਼ਿਆਨਾਂ ਦੇ ਪਹਾੜ ਚੁੱਕ ਲੈਂਦੇ ਨੇ,
ਤੁਹਾਡੇ ਲਈ ਤਾਂ ਕਿਸੇ ਖ਼ਾਤਰ,
ਇੱਕ ਔਖਾ ਸਫ਼ਰ ਵੀ ਸੌਖਾ ਹੈ,
ਇਹ ਜ਼ਰੂਰੀ ਨਹੀਂ ਕਿ,
ਪਿਆਰ ਕਰਕੇ ਤੁਸੀਂ ਆਪਣੇ.
ਕੰਨ ਪੜਵਾ, ਮੁੰਦਰਾਂ ਪਾ,
ਹੀਰ ਹੀਰ ਪੁਕਾਰਦੇ ਫਿਰੋ,
ਜ਼ਰੂਰੀ ਨਹੀਂ ਕਿ ਕਿਸੇ ਦੀ
ਪਿਆਰ ਭਰੇ ਦਿਲ ਨੂੰ,
ਐਵੇਂ ਠੋਕਰ ਮਾਰ,
ਅੱਖਾਂ ਮੀਟ ਕੇ.
ਹੇ ਮੰਜ਼ਿਲੇ ਹੀ,
ਤੁਰੀ ਜਾਊ,
ਤੁਰੀ ਜਾਊ
ਤੇ ਥੱਕ ਤੁਰੀ ਜਾਊ।

## ਗ਼ਜ਼ਲ — ਨਾਗਰ ਸਿੰਘ ਤਰਸ

ਤੱਕੇ ਹਰ ਪਾਸੇ ਕਹਿਰ ਹੋ ਗਿਆ ਹੈ।
ਨੇ ਲੋਕੀਂ ਉਦਾਸੇ ਕਹਿਰ ਹੋ ਗਿਆ ਹੈ।
ਖ਼ੁਦਾ ਜਿਨ ਹੁੰਦੇ ਸਨ ਲੋਕ ਭੁੱਖੇ,
ਹੁੰਦੇ ਨੀਰ ਪਿਆਸੇ ਕਹਿਰ ਹੋ ਗਿਆ ਹੈ।
ਮਹਿੰਗਾਈ ਦੀ ਏ ਕੁਝ ਰਫ਼ਤਾਰ ਏਦਾਂ,
ਕਲ੍ਹੇਗੀ ਅਕਾਸ਼ੇ ਕਹਿਰ ਹੋ ਗਿਆ ਹੈ।
ਬੰਦੇ ਦਾ ਬੰਦਾ ਹੀ ਬਣਿਆ ਹੈ ਵੈਰੀ,
ਨੇ ਫਿਰਦੇ ਗੰਡਾਸੇ ਕਹਿਰ ਹੋ ਗਿਆ ਹੈ।
ਇੱਜ਼ਤ ਦੇ ਰਾਖੇ ਹੀ ਇੱਜ਼ਤ ਨੂੰ ਲੁੱਟਣ,
ਕਈ ਦੇ ਦੇ ਕੇ ਝਾਂਸੇ ਕਹਿਰ ਹੋ ਗਿਆ ਹੈ।
ਗ਼ਰੀਬਾਂ ਦੀ ਰੱਤ ਦੇ ਲਾ ਮੱਥੇ ਤੇ ਟਿੱਕੇ,
ਹੁੰਦੇ ਅਰਦਾਸੇ ਕਹਿਰ ਹੋ ਗਿਆ ਹੈ।
ਸਿਆਸਤ ਕਿਸੇ ਦੀ ਕਮਾਈ ਕਿਸੇ ਦੀ,
ਵੰਡੀ ਵੰਡੇ ਪਤਾਸੇ ਕਹਿਰ ਹੋ ਗਿਆ ਹੈ।
ਸਦਾ ਝੂਠ ਅੱਗੇ ਜਾਂ ਸੱਚ ਦੀ ਹੈ ਕੀਮਤ,
ਜਿਉਂ ਤੋਲੇ ਤੇ ਮਾਸੇ ਕਹਿਰ ਹੋ ਗਿਆ ਹੈ।
ਪਤੈ ਇਸ ਜ਼ਮਾਨਾ ਕਤਾਰਾਂ 'ਚ ਮਾਨਵ ਹੈ,
ਮੁਰਦੇ ਜਿਗਾਸੇ ਕਹਿਰ ਹੋ ਗਿਆ ਹੈ।
ਹੈ ਇਕ ਪਾਸੇ ਰਿਸ਼ੀਆਂ ਦਾ ਮਰਨਾ ਤੇ ਡੁਬਣਾ,
ਗਦਾਰਾਂ ਦੇ ਹਾਸੇ ਕਹਿਰ ਹੋ ਗਿਆ ਹੈ।
ਸਾਂ ਆਪਣੀ ਹੀ ਸਿਆਸਤ ਜਾਂ ਮੰਗੀ ਵਿਆਉਂਦੀ,
ਭਰੂ ਕੌਣ ਕਾਸੇ ਕਹਿਰ ਹੋ ਗਿਆ ਹੈ।
ਹੈ ਮਾਲ੍ਹੇ ਦੀ ਡੁੱਗੀ ਨੂੰ ਲਾ ਅੱਗ ਦਰੀਆਂ
ਇਹ ਵੇਖੇ ਤਮਾਸ਼ੇ ਕਹਿਰ ਹੋ ਗਿਆ ਹੈ।
ਹੈ ਕੌਣੀ ਐਸਾ 'ਤਰਸ' ਰੋਇਦਿਆਂ ਨੂੰ
ਦੇਵੇ ਦਿਲਾਸੇ ਕਹਿਰ ਹੋ ਗਿਆ ਹੈ।


**ਭਾਰਤੀ ਆਰਟ ਜਿਊਲਰਜ਼**

ORIENTAL SILVER AND GOLD JEWELRY REPAIRING



**BHARTI ART JEWELLERS**

Specialist in East Indian Jewelry Craftware

RASIK PAREKH

Res.: 879-5610

Store: 874-9448

886 Kingsway nr. Fraser

Vancouver B.C., Canada

We Also Take Orders For

Marriage Party Photos and Group Photos

Contact Ravi

ਮਿੰਨੀ ਕਹਾਣੀਆਂ ਦੀ ਪਹਿਲੀ ਪੱਤਰਕਾ

ਅਣੂ

ਸੰਪਾਦਕ:

ਸੁਰਿੰਦਰ ਕੈਲੇ   ਰਵਿੰਦਰ ਰਤਨ

ਇਕ ਅੰਕ: 50 ਪੈਸੇ ਚਾਨੂੰ ਅੰਕ: 5 ਰੁਪਏ

?-ਡੀ, ਸਰਾਭਾ ਨਗਰ,

ਲੁਧਿਆਣਾ - 14001

# ਕਨੇਡਾ ਦੇ ਖੇਤ-ਮਜ਼ਦੂਰ

— ਸਾਧੂ ਬੇਨ

ਕਨੇਡਾ ਵਿੱਚ ਰੈੱਡ ਇੰਡੀਅਨਜ਼ ਨੂੰ ਛੱਡਕੇ ਬਾਕੀ ਸਾਰੇ ਲੋਕ ਪ੍ਰਵਾਸੀ ਹਨ। ਕੁੱਝ ਲੋਕ ਥੋੜ੍ਹੀ ਦੇਰ ਪਹਿਲਾਂ ਆ ਗਏ ਅਤੇ ਕੁੱਝ ਥੋੜ੍ਹੀ ਦੇਰ ਬਾਅਦ। ਵੱਖੋ ਵੱਖਰੇ ਮੁਲਕਾਂ ਵਿਚੋਂ ਆਕੇ ਕਨੇਡਾ ਵਿੱਚ ਵਸੇ ਹੋਏ ਲੋਕਾਂ ਦੀ ਬਹੁਗਿਣਤੀ ਗੋਰੇ ਲੋਕਾਂ ਦੀ ਹੈ।

ਘੱਟ ਗਿਣਤੀ ਲੋਕਾਂ ਨੂੰ, ਖਾਸ ਕਰਕੇ ਰੰਗਦਾਰ ਲੋਕਾਂ ਨੂੰ, ਆਮ ਤੌਰ 'ਤੇ ਲੱਕੜੀ ਮਿਲਾਂ, ਫੈਕਟਰੀਆਂ, ਟੈਕਸੀ ਡਰਾਈਵਿੰਗ ਜਾਂ ਫਾਰਮਾਂ ਵਿੱਚ ਹੀ ਕੰਮ ਮਿਲਦਾ ਹੈ। ਇਸਦਾ ਸੱਭ ਤੋਂ ਵੱਡਾ ਕਾਰਨ ਹੈ - ਨਸਲਵਾਦ।

ਇਸੇ ਕਾਰਨ ਬੀ.ਸੀ. ਦੀ ਫਰੇਜ਼ਰ ਵੈਲੀ ਦੇ ਫਾਰਮਾਂ ਵਿੱਚ ਬਹੁ-ਗਿਣਤੀ ਭਾਰਤੀ, ਅਤੇ ਚੀਨੇ ਲੋਕਾਂ ਦੀ ਹੈ। ਫਾਰਮਾਂ ਦਾ ਕੰਮ, ਬਾਕੀ ਸਾਰੇ ਕੰਮਾਂ ਦੇ ਮੁਕਾਬਲੇ ਵਿੱਚ ਬਹੁਤ ਸਖਤ ਹੈ। ਨਾ-ਮਾਤਰ ਤਨਖਾਹ ਉੱਪਰ 12-12 ਘੰਟੇ ਖੇਤਾਂ ਵਿੱਚ ਕੰਮ ਕਰਨਾ ਆਮ ਗੱਲ ਹੈ। ਪਰ ਖੇਤ ਮਜ਼ਦੂਰ ਦੀ ਲੁੱਟ ਖਸੁੱਟ ਹੀ ਬਾਕੀ ਸਾਰੇ ਮਜ਼ਦੂਰਾਂ ਨਾਲੋਂ ਵੱਧ ਹੁੰਦੀ ਹੈ। ਕਈ ਸੂਬਿਆਂ ਵਿੱਚ ਤਾਂ ਉਹਨਾਂ ਨੂੰ ਜਥੇਬੰਦ ਹੋਣ ਦਾ ਹੱਕ ਵੀ ਨਹੀਂ ਹੈ।

ਬਾਕੀ ਖੇਤਰਾਂ ਵਿੱਚ ਮਜ਼ਦੂਰਾਂ ਨੂੰ ਜੋ ਮੁੱਢਲੇ ਹੱਕ ਸਾਲਾਂ ਤੋਂ ਪ੍ਰਾਪਤ ਹਨ, ਉਹਨਾਂ ਲਈ ਖੇਤ ਮਜ਼ਦੂਰ ਨੂੰ ਅੱਜ ਵੀ ਜਦੋਜਹਿਦ ਕਰਨੀ ਪੈ ਰਹੀ ਹੈ। ਬੀ.ਸੀ. ਵਿੱਚ ਖੇਤ-ਮਜ਼ਦੂਰਾਂ ਨੂੰ ਪਿਛਲੇ ਕਈ ਸਾਲਾਂ ਤੋਂ ਜਥੇਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪਰ ਜਥੇਬੰਦਕ ਤੌਰ 'ਤੇ ਖੇਤ ਮਜ਼ਦੂਰਾਂ ਦੀ 1979 ਵਿੱਚ ਪਹਿਲੀ ਵਾਰ ਜਥੇਬੰਦੀ ਬਣੀ। 1979 ਵਿੱਚ ਬਣੀ ਇਹ ਫਾਰਮਵਰਕਰਜ਼ ਜਥੇਬੰਦਕ ਕਮੇਟੀ (FWOC) ਨੇ ਖੇਤ ਮਜ਼ਦੂਰਾਂ ਨੂੰ ਸਿਆਸੀ ਅਤੇ ਸਮਾਜੀ ਪੱਖੋਂ ਆਪਣੇ ਹੱਕ ਲੈਣ ਲਈ ਅਤੇ ਆਪਣੀ ਯੂਨੀਅਨ ਬਣਾਉਣ ਲਈ ਤਿਆਰ ਕੀਤਾ। ਸਾਲ ਭਰ ਦੀ ਅਣਥੱਕ ਮਿਹਨਤ ਦੇ ਨਤੀਜੇ ਵਜੋਂ 6 ਅਪਰੈਲ 1980 ਨੂੰ ਕਨੇਡਾ ਦੇ ਇਤਿਹਾਸ ਵਿੱਚ ਪਹਿਲੀ ਵਾਰ **ਕਨੇਡੀਅਨ ਫਾਰਮ-ਵਰਕਰਜ਼ ਯੂਨੀਅਨ (CFU)** ਦੀ ਸਥਾਪਨਾ ਹੋਈ।

ਪਿਛਲੇ ਇੱਕ ਸਾਲ ਵਿੱਚ ਕਨੇਡੀਅਨ ਫਾਰਮਵਰਕਰਜ਼ ਯੂਨੀਅਨ (CFU) ਨੇ ਕੀ ਕੀ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਇਸਨੂੰ ਅੱਜਕਲ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਹ ਅਸੀਂ ਆਉਣ ਵਾਲੇ ਅੰਕਾਂ ਵਿੱਚ ਲੜੀਵਾਰ ਲਿਖਣ ਦਾ ਯਤਨ ਕਰਾਂਗੇ।

## ਫਾਰਮਵਰਕਰਾਂ ਲਈ ਸੂਚਨਾ

ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਵਲੋਂ ਆਪਣੇ ਸਾਰੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ, ਕਿ ਜਿੰਨਾਂ ਮੈਂਬਰਾਂ ਨੇ ਆਪਣਾ ਚੰਦਾ ਅਜੇ ਤੱਕ ਯੂਨੀਅਨ ਨੂੰ ਨਹੀਂ ਭੇਜਿਆ ਉਹ 15 ਤਾਰੀਕ ਤੋਂ ਪਹਿਲਾਂ ਪਹਿਲਾਂ ਯੂਨੀਅਨ ਦੇ ਦਫਤਰ ਡਾਕ ਰਾਹੀਂ ਜਾਂ ਖੁਦ ਆਕੇ ਜਮ੍ਹਾਂ ਕਰਵਾ ਦੇਣ। ਚੰਦਾ ਨਾ ਦੇਣ ਵਾਲੇ ਮੈਂਬਰਾਂ ਦੀ ਸਨਿਉਰਿਟੀ ਖਤਮ ਹੋ ਜਾਵੇਗੀ। ਸਾਲ ਭਰ ਦਾ ਕੁੱਲ ਚੰਦਾ 60 ਡਾਲਰ ਹੈ। ਤੁਸੀਂ ਮਹੀਨੇ ਦੇ ਮਹੀਨੇ ਜਾਂ ਸਾਰੇ ਦਾ ਸਾਰਾ ਚੰਦਾ ਇਕੱਠਾ ਦੇ ਸਕਦੇ ਹੋ।

ਹੋਰ ਜਾਣਕਾਰੀ ਲਈ ਫੋਨ ਕਰੋ: **430-6055**

4730 ਇੰਪੀਰੀਅਲ ਸਟਰੀਟ, ਬਰਨਬੀ, ਬੀ.ਸੀ.

ਪੰਜਾਬੀ ਲਿਟਰੇਰੀ ਐਸੋਸੀਏਸ਼ਨ·

PUNJABI LITERARY ASSOCIATION • P.O. BOX 67744 • VANCOUVER, B.C., CANADA V5W 3V2

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਆਫ਼ ਵੈਨਕੂਵਰ ਦੀ ਮੀਟਿੰਗ 21 ਜੂਨ 1981 ਨੂੰ 1350 EAST 27TH AVE. VANCOUVER ਵਿਖੇ ਬਾਅਦ ਦੁਪਿਹਰ ਦੋ ਵਜੇ ਸ਼ੁਰੂ ਹੋਈ ਜਿਸ ਵਿਚ ਬਾਰਾਂ ਕੁ ਦੇ ਕਰੀਬ ਲਿਖਾਰੀਆਂ ਅਤੇ ਸਾਹਿਤ ਪ੍ਰੇਮੀਆਂ ਨੇ ਹਿੱਸਾ ਲਿਆ। ਸਾਧੂ ਅਤੇ ਸੁਖਵੰਤ ਹੁੰਦਲ ਨੇ ਕਹਾਣੀਆਂ ਪੜ੍ਹੀਆਂ। ਵਿਸ਼ੇ ਦੋਹਾਂ ਕਹਾਣੀਆਂ ਦੇ ਹੀ ਬੜੇ ਠੋਸ ਸਨ ਜੋ ਕਿ ਵਿਦੇਸ਼ ਦੇ ਆਮ ਜੀਵਨ ਨਾਲ ਸਬੰਧਤ ਸਨ। ਸੁਖਵੰਤ ਹੁੰਦਲ ਨੇ ਇਕ ਬੇਰੀ ਪਿਕਰ ਨੂੰ ਆਪਣੀ ਕਹਾਣੀ ਦਾ ਆਧਾਰ ਬਣਾਇਆ ਹੈ, ਉਸ ਨੂੰ ਕਿਤਨੀਆਂ ਮੁਸ਼ਕਲਾਂ ਅਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਉਸ ਨੇ ਆਪਣੇ ਵਲੋਂ ਵੱਧ ਤੋਂ ਵੱਧ ਕਲਾਮਈ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ। — ਦੂਸਰਾ ਸਾਧੂ ਦੀ ਕਹਾਣੀ ਦਾ ਵੀ ਮਸਾਲਾ ਆਮ ਜੀਵਨ ਚੋਂ ਹੀ ਹੈ; ਇਸ ਕਹਾਣੀ 'ਚ ਉਸ ਨੇ ਸਮਾਜਿਕ ਬੁਰਾਈਆਂ ਨੂੰ ਉਘਾੜਨ ਦਾ ਯਤਨ ਕੀਤਾ ਹੈ। ਕਿਵੇਂ ਇਥੇ ਦੀ ਨੌਜੁਆਨ ਪੀੜ੍ਹੀ ਨਸ਼ਿਆਂ ਅਤੇ ਕਾਮ 'ਚ ਗਰਕੀ ਪਈ ਹੈ।

ਮੰਗਾ ਬਾਸੀ ਅਤੇ ਸੁੱਖਣ ਵੱਟ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ। ਬਾਅਦ 'ਚ ਅਮਰਜੀਤ ਸੂਫ਼ੀ ਨੇ ਇਕ ਆਰਟੀਕਲ "ਪਾਕਿਸਤਾਨ ਦਾ ਸੁਆਲ" ਪੜ੍ਹਿਆ। ਜਿਸ ਬਾਰੇ ਸਰੋਤਿਆਂ ਦੇ ਵੱਖੋ ਵੱਖਰੇ ਵਿਚਾਰ ਸਨ। ਜਰਨੈਲ ਸਿੰਘ ਦਾ ਵਿਚਾਰ ਸੀ ਕਿ ਲੇਖ 'ਚ ਖਿਲਾਰਾ ਬਹੁਤ ਹੈ: ਸੂਫ਼ੀ ਅਸਲੀ ਗੱਲ ਨੂੰ ਸਿੱਧੇ ਢੰਗ ਤੋਂ ਅਸਮਰਥ ਰਿਹਾ ਹੈ। ਇਵੇਂ ਅਸਲੋਂ ਦੇ ਖਿਆਲ 'ਚ ਲੇਖ 'ਚ ਜਾਣਕਾਰੀ ਹੀ ਇਕੱਤਰ ਕੀਤੀ ਹੋਈ ਹੈ ਲੇਖਕ ਦਾ ਕੋਈ ਆਪਣਾ ਪ੍ਰਭਾਵ ਪ੍ਰਭਾਵਿਤ ਨਹੀਂ ਕਰਦਾ।

o o o o o o o o

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਆਫ਼ ਵੈਨਕੂਵਰ ਦੀ ਮੀਟਿੰਗ 26 ਜੁਲਾਈ 1981 ਨੂੰ ਜਰਨੈਲ ਸਿੰਘ ਦੇ ਘਰ ਵੈਨਕੂਵਰ ਬਾਅਦ ਦੁਪਹਿਰ ਦੋ ਵਜੇ ਸ਼ੁਰੂ ਹੋਈ ਜਿਸ ਵਿਚ ਤਕਰੀਬਨ ਵੀਹ ਕੁ ਸਾਹਿਤ ਪ੍ਰੇਮੀਆਂ ਅਤੇ ਲਿਖਾਰੀਆਂ ਹਿੱਸਾ ਲਿਆ। ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਜਰਨੈਲ ਸਿੰਘ ਨੇ ਦੱਸਿਆ ਕਿ ਚਾਰ ਪੁਸਤਕਾਂ "ਕੈਨੇਡਾ ਦੀ ਪੰਜਾਬੀ ਕਵਿਤਾ" (ਸਾਹਿਤ ਸਭਾ ਵਲੋਂ ਪ੍ਰਕਾਸ਼ਤ) ਉਹਨਾਂ ਵੈਨਕੂਵਰ ਦੀਆਂ ਤਿੰਨ ਵੱਖੋ ਵੱਖਰੀਆਂ ਲਾਇਬ੍ਰੇਰੀਆਂ ਨੂੰ ਵੇਚੀਆਂ ਹਨ। ਪਹਿਲੀਆਂ ਮੀਟਿੰਗਾਂ ਵਿਚ ਸਭਾ ਦਾ ਇਹ ਅਟੱਲ ਫੈਸਲਾ ਸੀ ਕਿ ਇਥੇ ਦੀ ਲਾਇਬ੍ਰੇਰੀ ਨੂੰ ਮੁਫ਼ਤ ਪੁਸਤਕ ਨਹੀਂ ਦੇਣੀ। ਹਾਜ਼ਰ ਮੈਂਬਰਾਂ ਜਰਨੈਲ ਸਿੰਘ ਦੇ ਇਸ ਉਦਮ ਦੀ ਸ਼ਲਾਘਾ ਕੀਤੀ।

ਸੁੱਖਣ ਸਿੰਘ ਵੱਟ; ਮੰਗਾ ਸਿੰਘ ਬਾਸੀ; ਸਤਿੰਦਰ ਸਿੰਘ ਕੂਨਰ ਅਤੇ ਜਰਨੈਲ ਸਿੰਘ ਨੇ ਆਪੋ ਆਪਣੀਆਂ ਨਵੀਆਂ ਕਵਿਤਾਵਾਂ ਸੁਣਾਈਆਂ, ਜਿਹਨਾਂ ਤੇ ਸਰੋਤੇ ਆਲੋਚਨਾਤਮਕ ਬਹਿਸ ਹੋਈ। ਅਮਰੀਕ ਸਿੰਘ ਢੀਂਗ ਨੇ ਪਹਿਲਾਂ ਛਪ ਚੁੱਕੀ ਕਹਾਣੀ "ਪਿੱਤ ਦੀਆਂ ਜਿੰਦਾਂ" ਪੜ੍ਹੀ।- ਦਰਸ਼ਨ ਥਿੰਦ ਨੇ ਆਪਣੇ ਪਰਚੇ "ਵਤਨੋਂ" ਦੀ ਇਕ ਇਕ ਕਾਪੀ ਸਭ ਹਾਜ਼ਰ ਮੈਂਬਰਾਂ ਨੂੰ ਦਿੱਤੀ ਅਤੇ ਅਗਾਊਂ ਸਭ ਨੂੰ ਉਸ ਦੇ ਸਹਿਯੋਗ ਦੇਣ ਲਈ ਅਪੀਲ ਕੀਤੀ।

ਸਭਾ ਦੇ ਪ੍ਰਧਾਨ ਜਰਨੈਲ ਸਿੰਘ ਨੇ ਇਸਤਰੀਆਂ ਦੀ ਇਕ ਜਥੇਬੰਦੀ ਵਲੋਂ ਆਈ ਚਿੱਠੀ ਪੜ੍ਹਕੇ ਸੁਣਾਈ ਜਿਸ 'ਚ ਸਾਹਿਤ ਸਭਾ ਨੂੰ ਉਹਨਾਂ ਦੇ ਹੋ ਰਹੇ ਜਲਸੇ 'ਚ ਸ਼ਾਮਲ ਹੋਣ ਲਈ ਪੇਸ਼ਕਸ਼ ਕੀਤੀ ਹੋਈ ਸੀ। ਇਸ ਤੇ ਮੈਂਬਰਾਂ ਦੇ ਦੋ ਵੱਖੋ ਵੱਖਰੇ ਵਿਚਾਰ ਸਨ ਕਿ ਸਾਹਿਤ ਸਭਾ ਨੂੰ ਉਸ ਜਲਸੇ 'ਚ ਹਿੱਸਾ ਲੈਣਾ ਚਾਹੀਦਾ ਹੈ ਕਿ ਨਹੀਂ; ਕੁੱਝ ਕੁ ਦਾ ਵਿਚਾਰ ਸੀ ਕਿ ਸ਼ਾਮਲ ਹੋਣਾ ਚਾਹੀਦਾ ਹੈ ਜਦ ਕਿ ਬਾਕੀਆਂ ਦੀ ਰਾਇ ਸੀ ਕਿ ਨਹੀਂ ਸ਼ਾਮਲ ਹੋਣਾ ਚਾਹੀਦਾ। ਇਹ ਜਥੇਬੰਦੀ ਕੀ ਹੈ?.... ਇਸ ਦਾ ਪਿਛੋਕੜ ਕੀ ਹੈ?.. ਇਸ ਨੂੰ ਚਲਾਉਂਦੇ ਕੌਣ ਹਨ?... ਜਿਸ ਕੰਮ ਦਾ ਉਹ ਨਾਅਰਾ ਦਿੰਦੇ ਹਨ, ਉਸ ਲਈ ਉਹ ਜਿੰਨੇ ਕੁ ਸੁਹਿਰਦ ਹਨ, ਜਾਂ ਦੂਸਰੀ ਬਦੇਸ਼ਿਆਂ ਦੀ ਤਰ੍ਹਾਂ ਲੀਡਰੀ ਚਮਕਾਉਣ ਲਈ ਹੀ ਕੋਈ ਨਾ ਕੋਈ ਬਹਾਨਾ ਲੱਭਦੇ ਹਨ?... ਜਾਂ ਇਸ ਤੋਂ ਵੀ ਵੱਧ ਇਸਤਰੀ ਸਭਾ ਦੇ ਨਾਉਂ ਥੱਲੇ ਆਪਣਾ ਕੋਈ ਜਾਤੀ ਮੁਫ਼ਾਦ ਤਾਂ ਨਹੀਂ ਪੂਰਾ ਕਰਨਾ ਲੋਚਦੇ? ਇਤਿਆਦਿਕ ਸੁਆਲ ਸਨ ਜਿਹਨਾਂ ਤੇ ਲੰਬੀ ਅਤੇ ਭਖਵੀਂ ਬਹਿਸ ਹੋਈ। ਸਭ ਹਾਜ਼ਰ ਮੈਂਬਰਾਂ ਆਪੋ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਖੁਲ੍ਹ ਕੇ ਕੀਤਾ। ਇਕ ਗੱਲ ਜਿਸ ਤੇ ਸਮੁੱਚੀ ਸਭਾ ਸਹਿਮਤ ਸੀ ਉਹ ਇਹ ਕਿ ਇਸਤਰੀਆਂ ਤੇ ਹੋ ਰਹੇ ਮਰਦਾਂ ਵਲੋਂ ਅੰਨ੍ਹੇ ਤਸ਼ੱਦਦ ਅਤੇ ਜਬਰ ਦੀ ਸਾਹਿਤ ਸਭਾ ਭਰਪੂਰ ਨਿੰਦਿਆ ਕਰਦੀ ਹੈ। ਇਸ ਤਰ੍ਹਾਂ ਔਰਤਾਂ ਤੇ ਹੋ ਰਹੇ ਤਸ਼ੱਦਦ, ਜਬਰ ਅਤੇ ਜ਼ੁਲਮਾਂ ਨੂੰ ਮੁੱਖ ਰੱਖਦਿਆਂ ਸਭਾ ਨੇ ਇਕ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਕਿ ਸਭਾ ਦਾ ਹਰ ਇਕ ਮੈਂਬਰ ਅਜਿਹੀਆਂ ਵਹਿਸ਼ੀ, ਘਿਨਾਉਣੀਆਂ ਘਟਨਾਵਾਂ ਨੂੰ ਮੱਦੇ ਨਜ਼ਰ ਰੱਖਦਿਆਂ ਕੁੱਝ ਨਾ ਕੁੱਝ ਉਸਾਰੂ ਜ਼ਰੂਰ ਲਿਖੇ ਤਾਂ ਕਿ ਸਾਹਿਤ ਸਭਾ ਵਲੋਂ ਆਪਣੇ ਵਿਤ ਅਤੇ ਸਮਰੱਥਾ ਮੁਤਾਬਕ ਇਸ ਸਮਾਜਕ ਕੋਹੜ ਦੀ ਵਿਰੋਧੀ ਲਹਿਰ 'ਚ ਆਪਣਾ ਕੋਈ ਅਸਲੀ ਰੋਲ ਤੇ ਯੋਗਦਾਨ ਪਾਇਆ ਜਾ ਸਕੇ।

ਕੁਲਵੰਤ ਸਰੋਆ ਸਕੱਤਰ ਪੰਜਾਬੀ ਲਿਟਰੇਰੀ ਐਸੋਸੀਏਸ਼ਨ

ਰਿਪੋਰਟ:

# ਐਡਮੰਟਨ ਵਿਚ ਪੰਜਾਬੀ ਸੱਭਿਆਚਾਰਕ ਦਿਵਸ

ਲਾਟ ਸਿੰਘ
ਸਤਦੇਤ

ਸਤਾਈ ਜੂਨ 1981 ਨੂੰ ਐਡਮੰਟਨ ਵਿਚ U. of. A. ਦੇ SUB THEATRE ਵਿਚ ਪੰਜਾਬੀ ਕਲਚਰਲ ਐਸੋਸੀਏਸ਼ਨ ਐਡਮੰਟਨ ਵਲੋਂ ਗੀਤਾਂ, ਗਜ਼ਲਾਂ, ਕਵਿਤਾਵਾਂ, ਨਾਚ, ਗਿੱਧੇ ਅਤੇ ਭੰਗੜੇ ਸਮੇਤ ਇਕ ਰੰਗਾ-ਰੰਗ ਸਮਾਗਮ ਪੇਸ਼ ਕੀਤਾ ਗਿਆ। ਪੰਜਾਬੀ ਜ਼ੁਬਾਨ, ਸਾਹਿਤ, ਕਲਾ, ਵਿਰਸੇ ਅਤੇ ਸੱਭਿਆਚਾਰ ਨੂੰ ਡਾਵਾਂਡੋਲ ਹੁੰਦਾ ਮਹਿਸੂਸ ਕਰ ਕੇ ਪੰਜਾਬੀ ਨਾਲ ਸਨੇਹ ਰੱਖਣ ਵਾਲੇ ਕੁਝ ਸਾਹਿਤ ਪ੍ਰੇਮੀਆਂ ਦੀ ਪਹਿਲਕਦਮੀ ਵਜੋਂ ਜੁਲਾਈ 1979 ਵਿਚ ਪੰਜਾਬੀ ਸਾਹਿਤ ਸਭਾ ਹੋਂਦ ਵਿਚ ਆਈ। ਇਸ ਸਭਾ ਨੇ ਸਤੰਬਰ 1979 ਵਿਚ ਬੜੇ ਮਾਣ ਨਾਲ ਪੰਜਾਬੀ ਦੇ ਜਰਨੈਲ ਕਵੀ ਅਤੇ ਗਾਇਕ ਸੰਤ ਰਾਮ ਉਦਾਸੀ ਨੂੰ ਬੜੀ ਕਾਮਯਾਬੀ ਨਾਲ ਲੋਕਾਂ ਸਾਹਮਣੇ ਪੇਸ਼ ਕੀਤਾ।

ਸਾਹਿਤ ਦੇ ਨਾਲ ਨਾਲ ਖੇਡਾਂ, ਕਲਾ ਅਤੇ ਸੱਭਿਆਚਾਰ ਨੂੰ ਵੀ ਜਾਗਰਿਤ ਰੱਖਣ ਲਈ 1981 ਵਿਚ ਇਸ ਸਭਾ ਦਾ ਨਾਮ ਬਦਲ ਕੇ ਪੰਜਾਬੀ ਕਲਚਰਲ ਐਸੋਸੀਏਸ਼ਨ, ਐਡਮੰਟਨ ਰੱਖਿਆ ਗਿਆ। ਇਸ ਸਮਾਗਮ ਦਾ ਇਕ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਖੇਡਾਂ ਤੋਂ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਦੀ ਰਸਮ ਸ਼ਹੀਦ ਭਗਤ ਸਿੰਘ ਦੀ ਬਜ਼ੁਰਗ ਭੈਣ ਮਾਤਾ ਪ੍ਰਕਾਸ਼ ਕੌਰ ਨੇ ਆਪਣੇ ਕਰ-ਕਮਲਾਂ ਨਾਲ ਕੀਤੀ। ਉਤਰੀ ਅਮਰੀਕਾ ਅਤੇ ਇੰਗਲੈਂਡ ਵਰਗੇ ਪੂੰਜੀਵਾਦੀ ਮੁਲਕਾਂ ਵਿਚ ਬਹੁਤ ਸਾਰੇ ਮੁਨਾਫ਼ਾਖ਼ੋਰ ਦਲਾਲਾਂ ਦੀ ਮਿਲੀ ਭੁਗਤ ਨਾਲ ਹਿੰਦੋਸਤਾਨ ਤੋਂ ਮਸ਼ਹੂਰ ਪੇਸ਼ਾਵਰ ਕਲਾਕਾਰਾਂ ਨੂੰ ਏਥੇ ਬੁਲਾ ਕੇ ਅਤੇ 15-20 ਡਾਲਰ ਦੀਆਂ ਟਿਕਟਾਂ ਲਾ ਕੇ ਕਿਸੇ ਉਦੇਸ਼ ਅਤੇ ਸੇਧ ਭਾਵ ਤੋਂ ਬਿਨਾ ਲੋਕਾਂ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਅਜੇਹੇ ਪ੍ਰੋਗਰਾਮਾਂ ਵਿਚ ਜਨ-ਸਾਧਾਰਨ ਦੀ ਸ਼ਮੂਲੀਅਤ ਨਾ ਹੋਣ ਕਰਕੇ ਅਤੇ ਉਹਨਾਂ ਦੇ ਵਾਜਬ ਯੋਗਦਾਨ ਦੀ ਅਣਹੋਂਦ ਕਰਕੇ ਉਨ੍ਹਾਂ ਦਾ ਰੁਝਾਨ ਆਮ ਤੌਰ ਤੇ ਨਿਰਾਸ਼ਾਜਨਕ ਹੀ ਹੁੰਦਾ ਹੈ ਕਿਉਂਕਿ ਏਸ ਤਰਾਂ ਨਾਲ ਉਹਨਾਂ ਦੇ ਅੰਦਰਲੇ ਕਲਾਕਾਰ ਨੂੰ ਜਾਗਰਤੀ ਨਹੀਂ ਮਿਲਦੀ। ਅਜੇਹੇ ਸਮਾਗਮਾਂ ਵਿਚ ਆਮ ਤੌਰ ਤੇ ਅਸ਼ਲੀਲਤਾ ਏਨੀ ਹੁੰਦੀ ਹੈ ਕਿ ਆਮ ਮਨੁੱਖ ਦਾ ਪਰਿਵਾਰ ਸਮੇਤ ਬੈਠ ਕੇ ਪ੍ਰੋਗਰਾਮ ਦੇਖਣਾ ਉਚਿੱਤ ਨਹੀਂ ਹੁੰਦਾ। ਇਸ ਲੁੱਟ ਖਸੁੱਟ ਅਤੇ ਅਸ਼ਲੀਲਤਾ ਵਿਰੁੱਧ ਇਸ ਸਭਾ ਦੀ ਇਹ ਪਹਿਲਕਦਮੀ ਹੈ ਕਿ ਅਲਬਰਟਾ ਸੂਬੇ ਦੇ ਅਣਗੌਲੇ ਹੁਨਰ ਨੂੰ ਸੁੱਚੇ ਢੰਗਾਂ ਨਾਲ ਆਮ ਲੋਕਾਂ ਦੇ ਸਾਹਮਣੇ ਪੇਸ਼ ਕੀਤਾ।

ਜਿਵੇਂ ਕਿ 'ਘਰ ਦਾ ਜੋਗੀ ਜੋਗੜਾ' ਵਾਲੀ ਗੱਲ ਹੁੰਦੀ ਹੈ, ਜਦੋਂ ਕੇਵਲ ਦੋ ਡਾਲਰ ਟਿਕਟ ਰੱਖ ਕੇ ਅਲਬਰਟਾ ਵਿਚ ਵਸਦੇ ਹੋਣਹਾਰ ਕਲਾਕਾਰਾਂ ਨੂੰ ਸਾਂਝੀ ਸਟੇਜ ਤੇ ਪੇਸ਼ ਕੀਤਾ ਤਾਂ ਦਰਸ਼ਕ ਅਸ਼ ਅਸ਼ ਕਰ ਉਠੇ। ਤਿੰਨ ਸੌ ਸੀਟਾਂ ਵਾਲੇ ਥੀਏਟਰ ਵਿਚ ਹਜ਼ਾਰ ਦੇ ਲਗਭਗ ਲੋਕਾਂ ਦਾ ਇਕੱਠੇ ਹੋਕੇ ਪ੍ਰੋਗਰਾਮ ਸੁਣਨਾ ਇਸ ਸਮਾਗਮ ਦੀ ਕਾਮਯਾਬੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਹ ਪ੍ਰੋਗਰਾਮ ਇਤਨਾ ਰੌਚਕ ਅਤੇ ਉਤਸ਼ਾਹ ਹੀ ਸੀ ਜਿਸ ਕਰਕੇ ਕਈ ਲੋਕਾਂ ਨੇ ਸੀਟਾਂ ਦੀ ਕਮੀ ਕਾਰਨ ਸਾਰਾ ਸਮਾਂ ਫਰਸ਼ ਤੇ ਬੈਠ ਕੇ ਜਾਂ ਖੜੇ ਕੇ ਇਸ ਪ੍ਰੋਗਰਾਮ ਦਾ ਰਸ ਮਾਣਿਆ। "ਅਜੇਹਾ ਪ੍ਰੋਗਰਾਮ ਪਹਿਲਾਂ ਕਦੇ ਵੀ ਇਸ ਸੂਬੇ ਵਿਚ ਪੇਸ਼ ਨਹੀਂ ਕੀਤਾ ਗਿਆ।" ਪ੍ਰੋਗਰਾਮ ਵੇਖਣ ਵਾਲੇ ਹਰੇਕ ਦੀ ਜ਼ੁਬਾਨ 'ਤੇ ਇਹ ਬੋਲ ਸਨ।

ਕੈਲਗਿਰੀ ਤੋਂ ਆਈ ਭੰਗੜੇ ਦੀ ਟੋਲੀ, ਐਡਮੰਟਨ ਦੀਆਂ ਗਿੱਧੇ ਦੀਆਂ ਦੋ ਟੋਲੀਆਂ ਅਤੇ ਲੇਕਲਾਡ ਤੋਂ ਇਲਾਵਾ ਅਲਬਰਟਾ ਦੇ ਵੱਖ ਵੱਖ ਸ਼ਹਿਰਾਂ ਤੋਂ ਆਏ ਕੋਈ 20 ਕਲਾਕਾਰਾਂ ਨੇ ਇਸ ਸਮਾਗਮ ਵਿਚ ਭਾਗ ਲਿਆ। ਸਭਾ ਦੀ ਕੋਸ਼ਿਸ਼ ਸੀ ਕਿ ਸਮਾਗਮ ਵਿਚ ਸਿਰਫ਼ ਸਿਰਜਣਾਤਮਕ, ਰੌਚਕ ਅਤੇ ਦਿਲਚਸਪ ਰਚਨਾਵਾਂ ਹੀ ਪੇਸ਼ ਕੀਤੀਆਂ ਜਾਣ, ਜਿਸ ਵਜ੍ਹਾ ਕਰਕੇ ਕੁਝ ਕਲਾਕਾਰਾਂ ਨੂੰ ਨਾਂਹ ਵੀ ਕਰਨਾ ਪਿਆ।

ਵੰਨਗੀ ਵਜੋਂ ਇਸ ਸਮਾਗਮ ਦੀਆਂ ਕੁਝ ਝਲਕੀਆਂ ਇਸ ਤਰਾਂ ਹਨ-

"ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ"

"ਮੈਂ ਇੱਕ ਤਲਵਾਰ ਦੀ ਗਾਨੀ ਅੱਜ ਆਪਣੇ ਗੀਤਾਂ ਗਲ ਪਾਵਾਂ।"

"ਬਲਦੇ ਰੁੱਖਾਂ ਨੇ ਜਿਹੜੇ ਰਾਹ 'ਚ ਲਿਖੇ, ਹਰਫ਼ ਉਹੀ ਹਮੇਸ਼ਾ ਲਿਖੇ ਮਿਲਣਗੇ।"

"ਜੋ ਗਤ ਪਈ ਮੈਂ ਜਾਣਦਾ ਏ, ਉਹ ਪੀਂਘ ਸਮੇਂਗਾ ਕੀ ਜਾਣੇ।"

"ਜਿਨ੍ਹਾਂ ਵੱਟੇ ਮੰਗਦੇ ਨੇ ਰੂਪ ਤੇ ਜਵਾਨੀ ਮੇਰੀ, ਹੁਸਨਾਂ ਦੇ ਭੁੱਖੇ ਵਣਜਾਰੇ।"

"ਰੰਗੇ ਦੀਏ ਘੁੰਟ ਕਲੀਏ ਤੈਨੂੰ ਕਿਹੜੇ ਵੇਲੇ ਰੱਬ ਨੇ ਬਣਾਇਆ।"

"ਮੈਨੂੰ ਤੇਰਾ ਸ਼ਬਾਬ ਲੈ ਬੈਠਾ, ਰੰਗ ਗੋਰਾ ਗੁਲਾਬ ਲੈ ਬੈਠਾ।"

ਪੰਜਾਬੀ ਸੱਭਿਆਚਾਰ ਦੇ ਅਟੁੱਟ ਅਤੇ ਜੋਸ਼ਮੰਦ ਅੰਗ ਭੰਗੜੇ ਦੀ ਟੋਲੀ ਦੇ ਨਾਚ ਨੂੰ ਜਨ-ਸਮੂਹ ਨੇ ਬਹੁਤ ਪਸੰਦ ਕੀਤਾ। ਥੋੜੇ ਸਮੇਂ ਦੀ ਸੂਚਨਾ 'ਤੇ ਕਾਹਲ ਵਿਚ ਸਮੂਹਿਕ ਯਤਨਾਂ ਨਾਲ ਤਿਆਰ ਕੀਤਾ ਗਿੱਧਾ ਕੁਝ ਉਣਤਾਈਆਂ ਦੇ ਬਾਵਜੂਦ ਵੀ ਆਪਣੇ ਆਪ ਵਿਚ ਇਕ ਵਧੀਆ ਪੇਸ਼ਕਸ਼ ਸੀ। ਛੋਟੀਆਂ ਬੱਚੀਆਂ ਵਲੋਂ 'ਗਿੱਧਿਆਂ ਦੀ ਰਾਣੀਏਂ ਨੀ ਗਿੱਧੇ ਵਿਚ ਆ।' ਦੀ ਧੁਨ ਉਪਰ ਕੀਤਾ ਗਿਆ ਨਾਚ ਸਰੋਤਿਆਂ ਵਲੋਂ ਬਹੁਤ ਸਲਾਹਿਆ ਗਿਆ।

ਪੰਜਾਬੀ ਕਲਚਰਲ ਐਸੋਸੀਏਸ਼ਨ ਵਲੋਂ ਪੇਸ਼ ਕੀਤੇ ਇਸ ਪ੍ਰੋਗਰਾਮ ਵਿਚ ਕੁਝ ਤਰੁੱਟੀਆਂ ਰਹਿ ਗਈਆਂ ਸਨ। ਜਨ-ਸਮੂਹ ਦੇ ਹਾਂ-ਪੱਖੀ ਅਤੇ ਸਾਰਥਕ ਉਤਸ਼ਾਹ ਭਰੇ ਹੁੰਗਾਰੇ ਨਾਲ ਅਤੇ ਕਲਾਕਾਰਾਂ ਦੀ ਮਦਦ ਨਾਲ ਇਸ ਸਭਾ ਵਲੋਂ ਨੇੜੇ ਦੇ ਭਵਿੱਖ ਵਿਚ ਹੋਰ ਵੀ ਚੰਗੀ ਸਿਰਜਣਾਤਮਕ ਅਤੇ ਦਿਲਚਸਪ ਸਮਾਗਮਾਂ ਦੀ ਆਸ ਕੀਤੀ ਜਾ ਸਕਦੀ ਹੈ।

# ਇੰਡੀਆ ਮਹਿਲਾ ਐਸੋਸੀਏਸ਼ਨ - ਇਕ ਰੀਪੋਰਟ

ਸਾਧੂ

ਵੈਨਕੂਵਰ ਦੀ ਇੰਡੀਆ ਮਹਿਲਾ ਐਸੋਸੀਏਸ਼ਨ ਵਲੋਂ ਭਾਰਤੀ ਔਰਤਾਂ ਵਿਰੁੱਧ ਹੁੰਦੇ ਤਸ਼ੱਦਦ ਬਾਰੇ ਗੱਲਬਾਤ ਕਰਨ ਲਈ ਇਕ ਮੀਟਿੰਗ 7 ਅਗਸਤ ਨੂੰ ਸੱਦੀ ਗਈ। ਇਸ ਵਿਚ ਮਹਿਲਾ ਐਸੋਸੀਏਸ਼ਨ ਦੇ ਮੈਂਬਰਾਂ ਦੇ ਨਾਲ ਨਾਲ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਆਪਣੇ ਵਿਚਾਰ ਪੇਸ਼ ਕੀਤੇ। ਮਹਿਲਾ ਐਸੋਸੀਏਸ਼ਨ ਵਲੋਂ ਇਹ ਸੁਝਾਅ ਰੱਖਿਆ ਗਿਆ ਕਿ ਔਰਤਾਂ ਵਿਰੁੱਧ ਹੁੰਦੀਆਂ ਵਧੀਕੀਆਂ ਨੂੰ ਰੋਕਣ ਲਈ ਇਕ ਕਾਰਵਾਈ ਕਮੇਟੀ ਸਥਾਪਿਤ ਕੀਤੀ ਜਾਏ। ਇਹ ਕਮੇਟੀ ਹੋਰ ਸੰਸਥਾਵਾਂ ਦੇ ਮਿਲਵਰਤਣ ਨਾਲ ਮੀਤੀਏ ਦੀ ਵਰਤੋਂ ਕਰਕੇ ਔਰਤਾਂ ਵਿਰੁੱਧ ਹੁੰਦੇ ਅਤਿਆਚਾਰਾਂ ਵਿਰੁੱਧ ਆਵਾਜ਼ ਬੁਲੰਦ ਕਰੇ। ਐਸੋਸੀਏਸ਼ਨ ਦਾ ਸੁਨੇਹਾ ਪੰਜਾਬੀ ਤੇ ਅੰਗਰੇਜ਼ੀ ਵਿਚ ਹਰਮਿੰਦਰ ਸੰਧੂ ਤੇ ਰਮਿੰਦਰ ਦੋਸਾਂਝ ਵਲੋਂ ਸਰੋਤਿਆਂ ਤੱਕ ਪਹੁੰਚਾਇਆ ਗਿਆ

ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਜ ਚੌਹਾਨ ਨੇ ਆਪਣੀ ਗੱਲਬਾਤ ਦੌਰਾਨ ਕਿਹਾ ਕਿ ਸਾਡੀ ਕਮਿਊਨਿਟੀ ਲਈ ਇਹ ਬਹੁਤ ਗੰਭੀਰ ਮਸਲਾ ਹੈ। ਫਾਰਮਾਂ ਵਿਚ ਕੰਮ ਕਰਨ ਵਾਲੀਆਂ ਬਹੁਤੀਆਂ ਔਰਤਾਂ ਹੀ ਹਨ ਇਸ ਕਰਕੇ ਇਸ ਮਸਲੇ ਬਾਰੇ ਸਾਨੂੰ ਵੀ ਅਵੱਸ਼ ਜਾਣਕਾਰੀ ਮਿਲਣੀ ਚਾਹੀਦੀ ਹੈ। ਉਸ ਨੇ ਕਿਹਾ ਕਿ ਸਾਡੇ ਧਾਰਮਿਕ ਸੰਸਕਾਰ ਤੇ ਰਸਮ ਰਿਵਾਜ ਵੀ ਔਰਤਾਂ ਦੀ ਤਰਸਯੋਗ ਹਾਲਤ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹਨ।

ਇੰਡੋ ਇਸਟ ਪ੍ਰੈਸ ਦੀ ਨੁਮਾਇੰਦਾ ਮਧੂ ਵਾਸਵਾਨੀ ਦਾ ਵਿਚਾਰ ਸੀ ਕਿ ਸਾਡੀ ਇਸ ਜਦੋ-ਜਹਿਦ ਵਿਚ ਧਾਰਮਿਕ ਅਦਾਰੇ ਹੀ ਸਭ ਤੋਂ ਵੱਡਾ ਹਿੱਸਾ ਪਾ ਸਕਦੇ ਹਨ। ਉਹਨਾਂ ਦਾ ਸੁਝਾਅ ਸੀ ਕਿ ਜੇ ਧਾਰਮਿਕ ਭਾਈਚਾਰਾਂ ਲੋਕਾਂ ਵਿਚ ਮਕਬੂਲ ਹੋਣ ਤਾਂ ਉਹ ਇੱਟੇ ਵਲੋਂ ਸਾਡੇ ਕੰਮ ਨਹੀਂ ਕਰਨਗੇ।

ਐਬਸਫੋਰਡ ਤੋਂ B.C.O.F.R. ਦੀ ਨੁਮਾਇੰਦਾ ਹਰਬੰਸ ਨੇ ਇਸ ਗੱਲ ਵੱਲ ਧਿਆਨ ਦੁਆਇਆ ਕਿ ਸਾਡੀਆਂ ਔਰਤਾਂ ਨੂੰ ਸਿਰਫ ਆਪਣੇ ਪਤੀ ਦੇ ਤਸ਼ੱਦਦ ਦਾ ਹੀ ਸਾਹਮਣਾ ਨਹੀਂ ਕਰਨਾ ਪੈਂਦਾ ਸਗੋਂ ਪਤੀ ਦੇ ਸਾਰੇ ਪ੍ਰਵਾਰ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਹਨੇ ਦੱਸਿਆ ਕਿ ਸਾਡੇ ਘਰਾਂ ਵਿਚ ਭਾਰਤ ਦੀ ਖੇਤ ਖੇਡੀ ਜਾਂਦੀ ਹੈ ਤੇ ਭਾਰਤ ਦਾ ਸੱਭਿਚਾਰ ਪੈਸੇ ਨਾਲ ਤੁਲਦਾ ਹੈ। ਇਸ ਕਰਕੇ ਬਹੁਤੀਆਂ ਨਵ-ਵਿਆਹੀਆਂ ਵਲੋਂ ਉਹਨਾਂ ਦੇ ਮਿਹਨਤ ਨਾਲ ਕਮਾਏ ਹੋਏ ਡਾਲਰ ਵੀ ਲੈ ਲਏ ਜਾਂਦੇ ਹਨ। ਉਹਨੇ ਕਿਹਾ ਕਿ ਜਦੋਂ ਸਾਡੇ ਮਰਦ ਔਰਤਾਂ ਨੂੰ ਕੁੱਟਦੇ ਹਨ ਤਾਂ ਉਹ ਇਹ ਕੰਮ ਇਸ ਯਕੀਨ ਨਾਲ ਕਰਦੇ ਹਨ ਕਿ ਉਹਨਾਂ ਨੇ ਔਰਤਾਂ ਨੂੰ ਕੁੱਟ ਕੇ ਠੀਕ ਹੀ ਕੀਤਾ ਹੈ, ਕਿਉਂਕਿ ਉਹਨਾਂ ਮੁਤਾਬਕ "ਔਰਤ ਲਾਇਕ ਹੀ ਇਸਦੇ ਹੈ"। ਉਹਨਾਂ ਦਾ ਇਹ ਭੁਲੇਖਾ ਅੱਗੇ ਲਈ ਵੀ ਉਹਨਾਂ ਦੀਆਂ ਅਜਿਹੀਆਂ ਹਰਕਤਾਂ ਦਾ ਕਾਰਨ ਬਣਦਾ ਹੈ।

ਸੁਰਜੀਤ ਕਲਸੀ ਨੇ ਕਿਸੇ ਸੰਸਥਾ ਵਲੋਂ ਨਹੀਂ ਸਗੋਂ ਵਿਅਕਤੀਗਤ ਤੌਰ ਤੇ ਵਿਚਾਰ ਪੇਸ਼ ਕੀਤੇ। ਉਹਨੇ ਆਪਣੀ ਗੱਲਬਾਤ ਆਪਣੀਆਂ ਕਵਿਤਾਵਾਂ ਤੇ ਅਧਾਰਿਤ ਕੀਤੀ ਅਤੇ ਕਿਹਾ ਕਿ ਅੱਜ ਦੀ ਔਰਤ ਚੇਤੰਨ ਹੈ ਅਤੇ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਜਾਣਦੀ ਹੈ। ਆਪਣੀ ਗੱਲਬਾਤ ਦੀ ਪੁਸ਼ਟੀ ਲਈ ਉਹਨਾਂ ਆਪਣੀਆਂ ਨਜ਼ਮਾਂ ਦੇ ਕੁੱਝ ਹਿੱਸੇ ਪੜ੍ਹੇ।

ਪ੍ਰੋ: ਹਰੀ ਸ਼ਰਮਾ ਨੇ ਇਪਾਨਾ ਵਲੋਂ ਬੋਲਦਿਆਂ ਮਹਿਲਾ ਐਸੋਸੀਏਸ਼ਨ ਦੀਆਂ ਕੋਸ਼ਿਸ਼ਾਂ ਨੂੰ ਸਲਾਹਿਆ। ਉਹਨਾਂ ਸੁਝਾਅ ਦਿੱਤਾ ਕਿ ਔਰਤਾਂ ਨੂੰ ਦਰਪੇਸ਼ ਆਉਂਦੇ ਮਸਲਿਆਂ ਨੂੰ ਠੋਸ ਰੂਪ ਵਿਚ ਰੱਖ ਪਾਉਣਾ ਚਾਹੀਦਾ ਹੈ। ਉਹਨਾਂ ਨੇ ਅਮਰਜੀਤ ਕੌਰ ਸੰਧੂ ਦੇ ਇਮੀਗ੍ਰੇਸ਼ਨ ਦੇ ਕੰਮ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਸਾਨੂੰ ਇਹੋ ਜਿਹੇ ਕੇਸਾਂ ਨੂੰ ਆਪਣੀ ਜਦੋ-ਜਹਿਦ ਦਾ ਆਧਾਰ ਬਣਾਉਣਾ ਚਾਹੀਦਾ ਹੈ।

ਇਸ ਤੋਂ ਬਿਨਾਂ ਕਰਤਾਰ ਸਿੰਘ ਥੰਡ ਸਿੱਖ ਸੇਵਕ ਦਲ ਤੇ ਈਸਟ ਇੰਡੀਅਨ ਵੈਲਫੇਅਰ ਐਸੋਸੀਏਸ਼ਨ ਵਲੋਂ ਬੋਲੇ। ਅਜੀਤ ਸਿੰਘ ਅਣਖੀ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਬੋਲੇ। ਸਥਾਨਕ ਗੁਰਦੁਆਰਿਆਂ ਵਿਚੋਂ ਰੌਸ ਦੇ ਨੁਮਾਇੰਦਿਆਂ ਨੇ ਵੀ ਮੀਟਿੰਗ ਵਿਚ ਹਿੱਸਾ ਲਿਆ।

ਇੰਡੀਆ ਮਹਿਲਾ ਐਸੋਸੀਏਸ਼ਨ ਵਲੋਂ ਇਹ ਇਸ ਕਿਸਮ ਦਾ ਦੂਜਾ ਹੰਭਲਾ ਸੀ। ਪਹਿਲੀ ਮੀਟਿੰਗ ਇਸੇ ਸਾਲ ਦੇ ਮਾਰਚ ਵਿਚ ਕੀਤੀ ਗਈ ਸੀ ਜਿਸ ਵਿਚ ਭਾਰਤੀ ਔਰਤਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਬਾਰੇ ਬੜੀ ਗੰਭੀਰ ਗੱਲਬਾਤ ਹੋਈ ਸੀ। ਹੁਣ ਵਾਲੀ ਮੀਟਿੰਗ ਵਿਚ ਕਮਿਊਨਿਟੀ ਦੀਆਂ ਹੋਰ ਸੰਸਥਾਵਾਂ ਨੂੰ ਔਰਤਾਂ ਵਿਰੁੱਧ ਹੁੰਦੇ ਤਸ਼ੱਦਦ ਬਾਰੇ ਗੱਲਬਾਤ ਕਰਨ ਲਈ ਸੱਦਣ ਦੀ ਪਹਿਲ ਕਰਨ ਤੋਂ ਲਗਦਾ ਹੈ ਕਿ ਇੰਡੀਆ ਮਹਿਲਾ ਐਸੋਸੀਏਸ਼ਨ ਕਮਿਊਨਿਟੀ ਦੇ ਨਾਜ਼ਕ ਮਸਲਿਆਂ ਬਾਰੇ ਪੂਰੀ ਤਰ੍ਹਾਂ ਗੰਭੀਰ ਹੋ ਰਹੀ ਹੈ। ਮਹਿਲਾ ਐਸੋਸੀਏਸ਼ਨ ਦੇ ਏਸ ਪਾਸੇ ਵਧੇ ਕਦਮਾਂ ਦੀ ਹੌਸਲਾ ਅਫ਼ਜ਼ਾਈ ਹੋਣੀ ਚਾਹੀਦੀ ਹੈ।

# Goyal Import-Export Ltd

4156 Fraser St., Vancouver, B.C. V5V 4E8

(604)873-8308




**PANASONIC'S 1981 PORTABLE VIDEO REC.**

(SP/LP/SLP, Soft touch, remote control, picture-search] at a very special price

## TOSHIBA

TOSHIBA'S 1981 model V-8000 Video Machine remote-control, picture-search, touch-button etc. at unbelievable low price

Our Low Prices on

**VIDEOS & TVs**



SH. RAJINDER GOYAL

WE RENT, EXCHANGE AND SELL VIDEO MOVIES AT LOW PRICES

RELEASED:-

JAT KUDIAN TON DARDA, PAANCH QUAIDI, DHANWAN, HARJAEE, CHORNI, GHAMANDI, KAARAN, GUMNAAM, DAASI, WOH KAUN THI, SITARA, HUM SE BADHKAR KAUN etc.

# Goyal Travels Inc.

IATA

4152 Fraser Street, Vancouver, B.C., Canada V5V 4E8

PH: (604) 872-7658

Cheapest Fares to:

**FIJI—INDIA—PAKISTAN—COLOMBO—NEPAL**

## THINKING OF TRAVEL?

WE CAN SAVE YOU

**TIME—TROUBLE—MONEY**

ASSOCIATED OFFICES IN INDIA:

- Court Road, Moga. Distt. Faridkot Phone 2798
- Court Road, Jagraon, Distt. Ludhiana Phone 252


ਪੰਜਾਬੀ ਲਿਟਰੇਰੀ ਐਸੋਸੀਏਸ਼ਨ :- ਵੱਲੋਂ

# ਕਵੀ ਦਰਬਾਰ

ਜਿਸ ਵਿਚ ਵੈਨਕੂਵਰ ਵਿਖੇ ਰਹਿ ਰਹੇ ਪੰਜਾਬੀ ਦੇ ਕਵੀ ਆਪਣੀਆਂ ਕਵਿਤਾਵਾਂ ਪੇਸ਼ ਕਰਨਗੇ।

ਬਾਅਦ ਵਿਚ ਪੰਜਾਬ ਕਲਚਰਲ ਐਸੋਸੀਏਸ਼ਨ ਦੇ ਬੱਚਿਆਂ ਵਲੋਂ ਭੰਗੜਾ ਪਾਇਆ ਜਾਏਗਾ।

ਕਵੀ ਦਰਬਾਰ ਵਿਚ ਹਿੱਸਾ ਲੈਣ ਦੇ ਚਾਹਵਾਨ ਪੰਦਰਾਂ ਸਤੰਬਰ ਤੱਕ ਆਪਣੇ ਨਾਂ ਤੇ ਕਵਿਤਾਵਾਂ ਪਹੁੰਚਦੀਆਂ ਕਰ ਦੇਣ। ਕਵਿਤਾਵਾਂ ਭੇਜਣ ਲਈ ਅਤੇ ਹੋਰ ਜਾਣਕਾਰੀ ਲਈ ਫੋਨ ਕਰੋ।—

ਜਰਨੈਲ ਸਿੰਘ 321 - 5254

ADMISSION : 1 ਡਾਲਰ.

ਕੁਲਦੀਪ ਸਹੋਤਾ 594 - 3734

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਦੋ ਮਾਸਕ ਪੱਤਰ
WATNO DUR
P.O. BOX 67681 STN. "O"
VANCOUVER, B.C. V5W 3V2
Second class mail Reg. No. 3233

TO


# FRONTIER CLOTH HOUSE LTD.

**6695 MAIN STREET VANCOUVER, B.C.**


**THE KING OF SAREE**

**Tel.: 325-3515**

**Tel.: 325-4424**

*New*

# JAPAN SAREE CENTRE




*6672 Main St. At 51st. Vancouver*
*PH: 325-3515*




**ਹੁਣ ਅਸੀਂ ਤੁਹਾਡੀ ਸਹੂਲਤ ਲਈ ਫਰੰਟੀਅਰ ਬਿਲਡਿੰਗ ਦੀ ਦੂਸਰੀ ਮੰਜ਼ਿਲ ਤੇ ਆਪਣਾ ਪੜ੍ਹਦਿਆਂ ਦਾ ਸ਼ੋਅ ਰੂਮ ਖਲ੍ਹ ਲਿਆ ਹੈ**

*FRONTIER DRAPERY SHOWROOM*

*On 2nd floor of Frontier Bldg.*

***SHOP FRONTIER TO GET BEST VALUE OF YOUR DOLLAR***


WATNO DUR (Far from the Motherland) is a literary and cultural bi-monthly of PANJABI – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2